Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 248 17/02/2026 www.samajweekly.com samajweekly @samajweekly samajweekly

# ਮੁੱਖ ਮੰਤਰੀ ਤੋਂ ਸਵਾਲ ਪੁੱਛਣ ਜਾਂਦੇ ਕਿਸਾਨਾਂ ਨੂੰ ਪੁਲੀਸ ਨੇ ਡੱਕਿਆ

## ਕਿਸਾਨਾਂ ਵੱਲੋਂ ਸੜਕ ’ਤੇ ਪ੍ਰਦਰਸ਼ਨ; ਅਧਿਕਾਰੀਆਂ ਨੇ ਕਿਸਾਨਾਂ ਨੂੰ ਮੀਟਿੰਗ ਦਾ ਸੱਦਾ ਦੇ ਕੇ ਸ਼ਾਂਤ ਕੀਤਾ

**ਧਰਮਕੋਟ।** ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਅੱਜ ‘ਆਪ’ ਦੀ ਕਿਲੀ ਚਾਹਲਾਂ ਰੈਲੀ ਵਿੱਚ ਵਿਰੋਧ ਜਤਾਉਣ ਜਾ ਰਹੇ ਕਿਸਾਨਾਂ ਦੇ ਵੱਡੇ ਕਾਫ਼ਲੇ ਨੂੰ ਪੁਲੀਸ ਨੇ ਰਸਤੇ ਵਿੱਚ ਹੀ ਰੋਕ ਲਿਆ। ਲੰਬੀ ਜੱਦੋ-ਜਹਿਦ ਤੋਂ ਬਾਅਦ ਵੀ ਜਦੋਂ ਕਿਸਾਨ ਕਾਫ਼ਲੇ ਨੂੰ ਅੱਗੇ ਜਾਣ ਨਾ ਦਿੱਤਾ ਗਿਆ ਤਾਂ ਕਿਸਾਨਾਂ ਨੇ ਸੜਕ ਉਪਰ ਹੀ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਅੱਜ ਤੜਕਸਾਰ ਕਿਸਾਨਾਂ ਦਾ ਇਹ ਕਾਫ਼ਲਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬ੍ਰਾਹਮਕੇ ਦੀ ਅਗਵਾਈ ਹੇਠ ਕਿਸ਼ਨਪੁਰਾ ਕਲਾਂ ਦੇ ਗੁਰਦੁਆਰੇ ਤੋਂ ਅਰਦਾਸ ਕਰਕੇ ਜਿਉਂ ਹੀ ਬਾਹਰ ਨਿਕਲਿਆ ਤਾਂ ਪੁਲੀਸ, ਜਿਸ ਦੀ ਅਗਵਾਈ ਥਾਣਾ ਧਰਮਕੋਟ ਦੇ ਮੁਖੀ ਲਛਮਣ ਸਿੰਘ ਕਰ ਰਹੇ ਸਨ, ਕਾਫ਼ਲੇ ਦੀ ਗੱਡੀ ਅੱਗੇ ਖੜ੍ਹ ਗਏ। ਮਾਹੌਲ ਤਣਾਅਪੂਰਨ ਬਣਨ ਤੋਂ ਬਾਅਦ ਅਤੇ ਕਿਸਾਨਾਂ ਦੇ ਜੋਸ਼ ਨੂੰ ਦੇਖਦਿਆਂ ਪੁਲੀਸ ਨੂੰ ਰਾਹ ਛੱਡਣਾ ਪਿਆ। ਕੁਝ ਦੂਰੀ ’ਤੇ ਹੀ ਸਥਿਤ ਪਿੰਡ ਤਲਵੰਡੀ ਮੱਲੀਆਂ ਮੁੱਖ ਸੜਕ ਉਪਰ ਕੀਤੀ ਨਾਕੇਬੰਦੀ ਦੌਰਾਨ ਕਾਫ਼ਲੇ ਨੂੰ ਅੱਗੇ ਵਧਣ ਤੋਂ ਸਖ਼ਤੀ ਨਾਲ ਰੋਕ ਦਿੱਤਾ ਗਿਆ। ਇਸੇ ਦੌਰਾਨ ਕਿਸਾਨ ਆਗੂ ਉੱਥੇ ਹੀ ਧਰਨਾ ਲਗਾ ਕੇ ਬੈਠ ਗਏ ਅਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।



ਇਸ ਮੌਕੇ ਸਤਨਾਮ ਸਿੰਘ ਪੰਨੂ ਨੇ ਕਿਹਾ ਕਿ ਕੇਂਦਰ ਦੀਆਂ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਨੂੰ ਸੂਬੇ ਦੀ ਸਰਕਾਰ ਇੰਨ-ਬਿੰਨ ਲਾਗੂ ਕਰਨ ਦੀ ਦਿਸ਼ਾ ਵੱਲ ਕੰਮ ਕਰ ਰਹੀ ਹੈ। ਬਿਜਲੀ ਅਤੇ ਬੀਜ ਸੋਧ ਬਿੱਲ ਤੋਂ ਇਲਾਵਾ ਸੂਬੇ ਦੀ ਭੂਮੀ ਦਾ ਰਿਕਾਰਡ ਕੇਂਦਰ ਸਰਕਾਰ ਨੂੰ ਭੇਜਣ, ਸਿੱਖਿਆ ਨੀਤੀ ਲਾਗੂ ਕਰਨ, ਪੰਜਾਬ ਨੂੰ ਪੁਲੀਸ ਰਾਜ ਵਿੱਚ ਬਦਲਣ, ਮਨਰੇਗਾ ਕਾਨੂੰਨ ਦਾ ਭੋਗ ਪਾਉਣ ਤੋਂ ਇਲਾਵਾ ਬੇਕਸੂਰ ਲੋਕਾਂ ਨੂੰ ਜੇਲ੍ਹਾਂ ਵਿੱਚ ਡੱਕਣ ਦੇ ਮੁੱਦਿਆਂ ਨੂੰ ਲੈ ਕੇ ਅੱਜ ਰੈਲੀ ਵਿੱਚ ਪੁੱਜ ਕੇ ਮੁੱਖ ਮੰਤਰੀ ਤੋਂ ਸੁਆਲ ਪੁੱਛੇ ਜਾਣੇ ਸਨ। ਕਿਸਾਨਾਂ ਦੇ ਇਸ ਸ਼ਾਂਤਮਈ ਪ੍ਰਦਰਸ਼ਨ ਨੂੰ ਪੁਲੀਸ ਦੀ ਸਖ਼ਤੀ ਨਾਲ ਰੋਕਣਾ, ਬੋਲਣ ਦੀ ਆਜ਼ਾਦੀ ਉੱਤੇ ਸਿੱਧਾ ਹਮਲਾ ਹੈ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਰਨਲ ਸਕੱਤਰ ਰਾਣਾ ਰਣਬੀਰ ਸਿੰਘ, ਏਕਤਾ ਆਜ਼ਾਦ ਯੂਨੀਅਨ ਦੇ ਸੂਬਾ ਆਗੂ ਲਖਬੀਰ ਸਿੰਘ, ਕ੍ਰਾਂਤੀਕਾਰੀ ਯੂਨੀਅਨ ਦੇ ਆਗੂ ਜਗਮੋਹਨ ਸਿੰਘ, ਜਥੇਬੰਦੀ ਦੇ ਜ਼ਿਲ੍ਹਾ ਆਗੂ ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਦੇਵ ਸਿੰਘ ਸ਼ਾਹਵਾਲਾ ਹਾਜ਼ਰ ਸਨ। ਇਸੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ ਜਗਵਿੰਦਰਜੀਤ ਸਿੰਘ ਗਰੇਵਾਲ ਨੂੰ ਭੇਜਿਆ, ਜਿਨ੍ਹਾਂ ਨੇ ਸਰਕਾਰ ਦੀ ਤਰਫੋਂ ਚਿੱਠੀ ਕਿਸਾਨ ਆਗੂਆਂ ਨੂੰ ਸੌਂਪੀ, ਜਿਸ ਵਿੱਚ ਕਿਸਾਨ ਮਜ਼ਦੂਰ ਮੋਰਚੇ ਵਲੋਂ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਉੱਚ ਅਧਿਕਾਰੀਆਂ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ 20 ਫਰਵਰੀ ਨੂੰ ਮੀਟਿੰਗ ਦਾ ਸੱਦਾ ਦਿੱਤਾ ਗਿਆ ਸੀ। ਪ੍ਰਸ਼ਾਸਨ ਦੇ ਲਿਖਤੀ ਵਿਸ਼ਵਾਸ ਮਿਲਣ ਤੋਂ ਬਾਅਦ ਕਿਸਾਨ ਧਰਨਾ ਪ੍ਰਦਰਸ਼ਨ ਸਮਾਪਤ ਕਰਨ ਲਈ ਤਿਆਰ ਹੋਏ।

ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਨੂੰ ਜਦੋਂ ਮੋਗਾ ਰੈਲੀ ਵਾਲੀ ਥਾਂ ’ਤੇ ਜਾਣ ਤੋਂ ਰੋਕ ਦਿੱਤਾ ਗਿਆ ਤਾਂ ਉਹ ਪਿੰਡ ਤਲਵੰਡੀ ਮੱਲੀਆਂ ਪਾਸ ਸੜਕ ਉੱਤੇ ਪ੍ਰਦਰਸ਼ਨ ਕਰਨ ਲੱਗੇ। ਇਸ ਮੌਕੇ ਕਿਸਾਨਾਂ ਦੀ ਕਵਰੇਜ ਕਰ ਰਹੇ ਪੱਤਰਕਾਰਾਂ ਨੂੰ ਵੀ ਪੁਲੀਸ ਦੀ ਕਥਿਤ ਬਦਸਲੂਕੀ ਸਹਿਣੀ ਪਈ। ਜਾਣਕਾਰੀ ਮੁਤਾਬਕ ਲੋਕ ਆਵਾਜ਼ ਟੀਵੀ ਦੇ ਪੱਤਰਕਾਰ ਹਿਮਤਾਜ ਜਦੋਂ ਸਬੰਧਤ ਥਾਂ ਉਪਰ ਕਵਰੇਜ ਕਰਨ ਪਹੁੰਚੇ ਤਾਂ ਪੁਲੀਸ ਦੇ ਐੱਸ ਪੀ ਬਾਲ ਕ੍ਰਿਸ਼ਨ ਸਿੰਗਲਾ ਨੇ ਉਸ ਨੂੰ ਕਵਰੇਜ ਕਰਨ ਤੋਂ ਰੋਕਿਆ ਅਤੇ ਉਸ ਦਾ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਧਰਨੇ ’ਤੇ ਬੈਠੇ ਕਿਸਾਨ ਨਾਰਾਜ਼ ਹੋ ਗਏ, ਜਿਸ ਸਦਕਾ ਉਸ ਨੂੰ ਕਿਸਾਨਾਂ ਕੋਲ ਜਾਣ ਦਿੱਤਾ ਗਿਆ।

# ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਮੁੱਖ ਮੰਤਰੀ ਭਗਵੰਤ ਮਾਨ ਮੁੜ ਦਾਖ਼ਲ

## ਸ਼ਾਮ 8 ਵਜੇ ਮੁੱਖ ਮੰਤਰੀ ਨੂੰ ਐਮਰਜੈਂਸੀ ਵਿਚ ਲਿਆਂਦਾ ਗਿਆ

**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਮਵਾਰ ਸ਼ਾਮ ਮੁੜ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਮਾਨ ਨੇ ਮੋਗਾ ਵਿਚ ਆਮ ਆਦਮੀ ਪਾਰਟੀ ਦੀ ਵੱਡੀ ਰੈਲੀ ਵਿਚ ਸ਼ਿਰਕਤ ਕਰਨ ਤੋਂ ਬਾਅਦ ਮੋਹਾਲੀ ਪਹੁੰਚਦੇ ਹੀ ਸਾਹ ਲੈਣ ਵਿਚ ਤਕਲੀਫ਼ ਮਹਿਸੂਸ ਕੀਤੀ। ਹਸਪਤਾਲ ਪ੍ਰਬੰਧਕਾਂ ਨੇ ਦਸਿਆ ਕਿ ‘‘ਸ਼ਾਮ 8 ਵਜੇ ਮੁੱਖ ਮੰਤਰੀ ਨੂੰ ਐਮਰਜੈਂਸੀ ਵਿਚ ਲਿਆਂਦਾ ਗਿਆ।’’ ਇਸ ਤੋਂ ਪਹਿਲਾਂ, ਐਤਵਾਰ ਨੂੰ ਵੀ ਮਾਨ ਨੂੰ



ਅਚਾਨਕ ਬਲੱਡ ਪ੍ਰੈਸ਼ਰ ਵੱਧ ਜਾਣ ਕਾਰਨ ਹਸਪਤਾਲ ਲਿਜਾਇਆ ਗਿਆ ਸੀ। ਹਾਲਾਂਕਿ ਉਹ ਸੋਮਵਾਰ ਸਵੇਰੇ ਉਨ੍ਹਾਂ ਨੂੰ ਛੁੱਟੀ ਕਰ ਦਿੱਤ ਗਈ, ਪਰ ਸ਼ਾਮ ਨੂੰ ਦੁਬਾਰਾ ਤਬੀਅਤ ਖਰਾਬ ਹੋਣ ਕਾਰਨ ਦਾਖ਼ਲ ਕਰਨਾ ਪਿਆ।

# ਸੁਪਰੀਮ ਕੋਰਟ ਨੇ ਡੀ.ਪੀ.ਡੀ.ਪੀ. ਕਾਨੂੰਨ ਨੂੰ ਸੰਵਿਧਾਨ ਬੈਂਚ ਕੋਲ ਭੇਜਿਆ

**ਨਵੀਂ ਦਿੱਲੀ ।** ਸੁਪਰੀਮ ਕੋਰਟ ਨੇ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ (ਡੀ.ਪੀ.ਡੀ.ਪੀ.) ਐਕਟ 2023 ਦੀ ਧਾਰਾ 44(3) ਨੂੰ ਲੈ ਕੇ ਉਠੇ ਵਿਰੋਧਾਂ ਨੂੰ ਸੰਵਿਧਾਨ ਬੈਂਚ ਅੱਗੇ ਭੇਜਣ ਦਾ ਫੈਸਲਾ ਕੀਤਾ ਹੈ। ਪਟੀਸ਼ਨਰਾਂ ਦਾ ਦਲੀਲ ਹੈ ਕਿ ਇਹ ਧਾਰਾ ਜਾਣਕਾਰੀ ਦੇ ਅਧਿਕਾਰ (ਆਰ.ਟੀ.ਆਈ.) ਨੂੰ "ਮੌਤ ਦਾ ਘੰਟਾ'' ਸਾਬਤ ਹੋ ਸਕਦੀ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੀ ਤਿੰਨ ਜੱਜਾਂ ਦੀ ਬੈਂਚ ਨੇ ਅੰਤਰਿਮ ਰੋਕ ਲਗਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ "ਜਟਿਲ ਅਤੇ ਸੰਵੇਦਨਸ਼ੀਲ'' ਕਾਨੂੰਨੀ ਸਵਾਲ ਹੈ। ਉਨ੍ਹਾਂ ਨੇ ਟਿਪਣੀ ਕੀਤੀ, "ਸਾਨੂੰ ਇਹ ਨਿਰਧਾਰਤ ਕਰਨਾ ਪਵੇਗਾ ਕਿ 'ਨਿੱਜੀ ਜਾਣਕਾਰੀ' ਦਾ ਅਰਥ ਕੀ ਹੈ।''



ਪਟੀਸ਼ਨਰ ਵੈਂਕਟੇਸ਼ ਨਾਇਕ ਦੇ ਵਕੀਲ ਵ੍ਰਿੰਦਾ ਗਰੋਵਰ ਨੇ ਦਲੀਲ ਦਿਤੀ ਕਿ ਸਰਕਾਰ ਨੇ "ਛੈਣੀ ਦੀ ਥਾਂ ਹਥੌੜਾ ਵਰਤ ਕੇ ਲੋਕਾਂ ਦੇ ਜਾਣਕਾਰੀ ਦੇ ਅਧਿਕਾਰ ਨੂੰ ਕੁਚਲ ਦਿਤਾ ਹੈ।'' ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ 2019 ਦੇ ਫੈਸਲੇ ਵਿਚ ਆਰ.ਟੀ.ਆਈ. ਅਤੇ ਨਿੱਜਤਾ ਵਿਚਕਾਰ ਸੰਤੁਲਨ ਬਣਾਇਆ ਗਿਆ ਸੀ, ਪਰ ਡੀ.ਪੀ.ਡੀ.ਪੀ. ਐਕਟ ਨੇ ਸਰਕਾਰ ਨੂੰ "ਬੇਰੋਕ ਟੋਕ ਅਧਿਕਾਰ'' ਦੇ ਦਿਤੇ ਹਨ। "ਹਰ ਆਰ.ਟੀ.ਆਈ. ਅਰਜ਼ੀ ਹੁਣ 'ਨਿੱਜੀ ਜਾਣਕਾਰੀ' ਦੇ ਨਾਂ 'ਤੇ ਰੱਦ ਕੀਤੀ ਜਾ ਸਕਦੀ ਹੈ,'' ਉਨ੍ਹਾਂ ਨੇ ਚੇਤਾਵਨੀ ਦਿਤੀ । ਪਟੀਸ਼ਨਰਾਂ ਦਾ ਮੰਨਣਾ ਹੈ ਕਿ ਇਹ ਸੋਧ ਲੋਕਤੰਤਰਕ ਭਾਗੀਦਾਰੀ ਨੂੰ ਖਤਮ ਕਰ ਸਕਦੀ ਹੈ ਅਤੇ ਖੁੱਲ੍ਹੇ ਸ਼ਾਸਨ ਦੇ ਵਿਚਾਰਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

# ਅਮਰੀਕਾ 'ਚ ਗੁਰਦਾਸਪੁਰ ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ



**ਗੁਰਦਾਸਪੁਰ।** ਗੁਰਦਾਸਪੁਰ ਦਾ ਇੱਕ ਨੌਜਵਾਨ, ਜੋ ਰੋਜ਼ੀ-ਰੋਟੀ ਲਈ ਅਮਰੀਕਾ ਗਿਆ ਸੀ, ਦੀ ਸੜਕ ਹਾਦਸੇ ਵਿੱਚ ਦੁਖਦਾਈ ਮੌਤ ਹੋ ਗਈ। ਰਿਪੋਰਟਾਂ ਅਨੁਸਾਰ, ਗੁਰਪ੍ਰੀਤ ਸਿੰਘ ਉਰਫ਼ ਜੇਪੀ (33), ਲਗਭਗ ਅੱਠ ਸਾਲ ਪਹਿਲਾਂ ਇੱਕ ਬਿਹਤਰ ਭਵਿੱਖ ਦੀ ਭਾਲ ਵਿੱਚ ਅਮਰੀਕਾ ਗਿਆ ਸੀ। ਉਸ ਨੇ ਆਪਣਾ ਕਾਰੋਬਾਰ ਬਣਾਉਣ ਲਈ ਮਿਹਨਤ ਕੀਤੀ। ਉਹ ਆਪਣੀ ਕਾਰ ਉਬਰ ਦੀ ਸਰਵਿਸ ਦੇ ਰਿਹਾ ਸੀ। ਮ੍ਰਿਤਕ ਦੇ ਪਿਤਾ ਗੁਰਬਖਸ਼ ਸਿੰਘ, ਜੀਜਾ ਸ਼ਰਨਜੀਤ ਸਿੰਘ ਸੰਨੀ, ਦਾਦਾ ਕੁਲਦੀਪ ਸਿੰਘ ਅਤੇ ਮਾਮਾ ਸੰਤੋਖ ਸਿੰਘ ਨੇ ਦੱਸਿਆ ਕਿ 7 ਫਰਵਰੀ ਨੂੰ ਗੁਰਪ੍ਰੀਤ ਸਿੰਘ ਯਾਤਰੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪਹੁੰਚਾਉਣ ਜਾ ਰਿਹਾ ਸੀ, ਤਾਂ ਉਸ ਨੂੰ ਗੱਡੀ ਚਲਾਉਂਦੇ ਸਮੇਂ ਦਿਲ ਦਾ ਦੌਰਾ ਪੈ ਗਿਆ। ਜਿਸ ਕਾਰਨ ਉਸ ਦੀ ਕਾਰ ਸੜਕ ਦੇ ਡਿਵਾਈਡਰ ਨਾਲ ਟਕਰਾ ਗਈ। ਉਹ ਹਾਦਸੇ ਵਿੱਚ ਗੰਭੀਰ ਜ਼ਖਮੀ ਹੋ ਗਿਆ, ਰੀੜ੍ਹ ਦੀ ਹੱਡੀ ਟੁੱਟ ਗਈ। ਉਨ੍ਹਾਂ ਕਿਹਾ ਕਿ ਉਹ ਹਸਪਤਾਲ ਵਿੱਚ ਇਲਾਜ ਅਧੀਨ ਸੀ ਅਤੇ ਇੱਕ ਜਾਂ ਦੋ ਦਿਨਾਂ ਵਿੱਚ ਘਰ ਵਾਪਸ ਆਉਣਾ ਸੀ, ਪਰ ਹਸਪਤਾਲ ਵਿੱਚ ਹੀ ਉਸ ਨੂੰ ਦੂਜਾ ਦਿਲ ਦਾ ਦੌਰਾ ਪਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਉਸ ਦੀ ਪਤਨੀ ਅਤੇ ਦੋ ਛੋਟੇ ਬੱਚੇ ਵੀ ਉਸ ਦੇ ਨਾਲ ਅਮਰੀਕਾ ਵਿੱਚ ਸਨ। ਉਸ ਦੀ ਭੈਣ ਅਤੇ ਸਹੁਰੇ ਵੀ ਉੱਥੇ ਰਹਿੰਦੇ ਹਨ। ਗੁਰਪ੍ਰੀਤ ਸਿੰਘ ਦੇ ਸਾਲੇ ਸ਼ਰਨਜੀਤ ਸਿੰਘ ਨੇ ਕਿਹਾ ਕਿ ਗੁਰਪ੍ਰੀਤ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਅਤੇ ਨਿਮਰ ਨੌਜਵਾਨ ਸੀ। ਉਸ ਨੇ ਆਪਣੀ ਮਿਹਨਤ ਨਾਲ ਇੱਕ ਚੰਗਾ ਕਾਰੋਬਾਰ ਖੜ੍ਹਾ ਕੀਤਾ ਸੀ। ਗੁਰਪ੍ਰੀਤ ਸਿੰਘ ਦੀ ਮੌਤ ਨਾਲ ਉਸ ਦੇ ਪਿੰਡ ਗੋਹਤ ਪੋਖਰ ਵਿੱਚ ਸੋਗ ਦਾ ਮਾਹੌਲ ਹੈ।

# ਤਾਰਿਕ ਰਹਿਮਾਨ ਭਲਕੇ ਬੰਗਲਾਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਣਗੇ

**ਢਾਕਾ ।** ਤਾਰੀਕ ਰਹਿਮਾਨ ਮੰਗਲਵਾਰ ਨੂੰ ਬੰਗਲਾਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ। ਉਨ੍ਹਾਂ ਦੀ ਪਾਰਟੀ ਨੇ ਅਹਿਮ ਆਮ ਚੋਣਾਂ 'ਚ ਜ਼ਬਰਦ-ਸਤ ਜਿੱਤ ਹਾਸਲ ਕੀਤੀ ਹੈ। ਲੰਮੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਤੋੜਦਿਆਂ, ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ 60 ਸਾਲ ਦੇ ਚੇਅਰਮੈਨ ਦਾ ਸਹੁੰ ਚੁੱਕ ਸਮਾਗਮ ਬੰਗਾਭਵਨ ਦੀ ਬਜਾਏ ਸੰਸਦ ਕੰਪਲੈਕਸ ਦੇ ਦਖਣੀ ਪਲਾਜ਼ਾ ਉਤੇ ਹੋਵੇਗਾ। ਸਰਕਾਰੀ ਸਮਾਚਾਰ ਏਜੰਸੀ ਬੀ.ਐਸ.ਐਸ. ਨੇ ਸੋਮਵਾਰ ਨੂੰ ਖਬਰ ਦਿਤੀ ਕਿ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਮੰਗਲਵਾਰ ਦੁਪਹਿਰ ਨੂੰ ਜਾਤੀਆ ਸੰਸਦ ਦੇ ਦਖਣੀ ਪਲਾਜ਼ਾ ਉਤੇ ਕੈਬਨਿਟ ਦੇ ਨਵੇਂ ਮੈਂਬਰਾਂ ਨੂੰ ਸਹੁੰ ਚੁਕਾਉਣਗੇ। ਸੰਸਦ ਸਕੱਤਰੇਤ ਭਲਕੇ ਸ਼ਾਮ 4:00 ਵਜੇ ਨਵੇਂ ਕੈਬਨਿਟ ਮੈਂਬਰਾਂ ਦਾ ਸਹੁੰ ਚੁੱਕ ਸਮਾਰੋਹ ਕਰਨ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸੰਸਦ ਮੈਂਬਰ ਸਵੇਰੇ 10 ਵਜੇ ਜਾਤੀਆ ਸੰਸਦ ਕੰਪਲੈਕਸ ਦੇ ਦਖਣੀ ਪਲਾਜ਼ਾ ਉਤੇ ਸਹੁੰ ਚੁੱਕਣਗੇ। ਬੀ.ਐਨ.ਪੀ. ਨੇ ਸੰਸਦੀ ਦਲ ਦੇ ਨੇਤਾ ਦੀ ਚੋਣ



ਲਈ ਸੰਸਦ ਭਵਨ ਵਿਚ ਸਵੇਰੇ 11:30 ਵਜੇ ਸੰਸਦੀ ਦਲ ਦੀ ਬੈਠਕ ਸੱਦੀ ਹੈ। ਬੀ.ਐਨ.ਪੀ. ਦੀ ਸਥਾਈ ਕਮੇਟੀ ਦੇ ਮੈਂਬਰ ਸਲਾਹ ਉਦੀਨ ਅਹਿਮਦ ਨੇ ਕਿਹਾ, ''ਬਹੁਮਤ ਪਾਰਟੀ ਦੇ ਨੇਤਾ ਹੋਣ ਦੇ ਨਾਤੇ, ਸਾਡੀ ਪਾਰਟੀ ਦੇ ਚੇਅਰਮੈਨ, ਤਾਰਿਕ ਰਹਿਮਾਨ ਪ੍ਰਧਾਨ ਮੰਤਰੀ ਹੋਣਗੇ।''ਭਾਰਤ ਦੀ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਰਹਿਮਾਨ ਦੇ ਸਹੁੰ ਚੁੱਕ ਸਮਾਗਮ 'ਚ ਭਾਰਤ ਦੀ ਨੁਮਾਇੰਦਗੀ ਕਰਨਗੇ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਦਸਿਆ ਕਿ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਲੋਕ ਸਭਾ ਦੇ ਜਨਰਲ ਸਕੱਤਰ ਉਤਪਲ ਕੁਮਾਰ ਸਿੰਘ ਵੀ ਬਿਰਲਾ ਦੇ ਨਾਲ ਆਉਣ ਦੀ ਸੰਭਾਵਨਾ ਹੈ। ਚੋਣ ਕਮਿਸ਼ਨ ਮੁਤਾਬਕ ਬੀ.ਐਨ.ਪੀ. ਨੇ 297 ਵਿਚੋਂ 209 ਸੀਟਾਂ ਜਿੱਤੀਆਂ ਹਨ, ਜਦਕਿ ਸੱਜੇਪੱਖੀ ਜਮਾਤ-ਏ-ਇਸਲਾਮੀ ਨੂੰ 68 ਸੀਟਾਂ ਮਿਲੀਆਂ ਹਨ।

# ਭਿਵਾੜੀ 'ਚ ਨਾਜਾਇਜ਼ ਪਟਾਕਾ ਫ਼ੈਕਟਰੀ 'ਚ ਅੱਗ

**ਜੈਪੁਰ ।** ਰਾਜਸਥਾਨ ਦੇ ਖੈਰਥਲ-ਤਿਜਾਰਾ ਜ਼ਿਲ੍ਹੇ ਦੇ ਭਿਵਾੜੀ ਕਸਬੇ ਅੰਦਰ ਸੋਮਵਾਰ ਨੂੰ ਆਤਿਸ਼ਬਾਜ਼ੀ ਬਣਾਉਣ ਵਾਲੀ ਇਕ ਨਾਜਾਇਜ਼ ਫ਼ੈਕਟਰੀ 'ਚ ਅੱਗ ਲੱਗਣ ਕਰਾਨ ਸੱਤ ਮਜ਼ਦੂਰਾਂ ਦੀ ਸੜ ਕੇ ਮੌਤ ਹੋ ਗਈ ਅਤੇ ਦੋ ਹੋਰ ਅੰਦਰ ਫਸੇ ਰਹਿ ਗਏ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸੁਮਿਤਰਾ ਪਾਰੀਕ ਨੇ ਕਿਹਾ, ''ਇਸ ਘਟਨਾ 'ਚ ਸੱਤ ਲੋਕਾਂ ਦੀ ਮੌਤ ਹੋਈ ਹੈ। ਇਹ ਇਕ ਕਪੜਾ ਫ਼ੈਕਟਰੀ ਸੀ, ਪਰ ਅੰਦਰ ਨਾਜਾਇਜ਼ ਰੂਪ 'ਚ ਪਟਾਕੇ ਬਣਾਏ ਜਾ ਰਹੇ ਸਨ।'' ਉਨ੍ਹਾਂ ਕਿਹਾ ਕਿ ਫ਼ੈਕਟਰੀ 'ਚ ਦੋ ਵਿਅਕਤੀ ਫਸੇ ਹੋਏ ਹਨ। ਇਹ ਹਾਦਸਾ ਭਿਵਾੜੀ ਦੇ ਖੁਸ਼-ਖੇੜਾ-ਕਰੋਲੀ ਉਦਯੋਗਿਕ ਖੇਤਰ 'ਚ ਵਾਪਰਿਆ। ਪਾਰੀਕ ਨੇ ਕਿਹਾ, ''ਅਹਾਤੇ ਨੂੰ ਕਪੜਾ ਫ਼ੈਕਟਰੀ ਦੇ ਨਾਂ 'ਤੇ ਕਿਰਾਏ 'ਤੇ ਲਿਆ ਗਿਆ ਸੀ, ਪਰ ਸ਼ੁਰੂਆਤੀ ਰੀਪੋਰਟ ਅਨੁਸਾਰ ਅੰਦਰ ਨਾਜਾਇਜ਼ ਰੂਪ 'ਚ ਪਟਾਕੇ



ਬਣਾਏ ਜਾ ਰਹੇ ਸਨ।'' ਉਨ੍ਹਾਂ ਕਿਹਾ ਕਿ ਪੁਲਿਸ ਨੂੰ ਘਟਨਾ ਦੀ ਜਾਣਕਾਰੀ ਨਿਯਮਤ ਗਸ਼ਤ ਦੌਰਾਨ ਮਿਲੀ, ਇਸ ਤੋਂ ਬਾਅਦ ਤੁਰਤ ਬਚਾਅ ਮੁਹਿੰਮ ਸ਼ੁਰੂ ਕੀਤੀ ਗਈ। ਜ਼ਿਲ੍ਹਾ ਅਧਿਕਾਰੀ ਅਤਰਿਕਾ ਸ਼ੁਕਲਾ ਅਤੇ ਹੋਰ ਸੀਨੀਅਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਸ਼ੁਕਲਾ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿਤੇ। ਸ਼ੁਰੂਆਤੀ ਰੀਪੋਰਟ ਅਨੁਸਾਰ ਫ਼ੈਕਟਰੀ 'ਚ 20 ਤੋਂ ਜ਼ਿਆਦਾ ਲੋਕ ਮੌਜੂਦ ਸਨ। ਅੱਗ ਲਗਦਿਆਂ ਹੀ ਕਈ ਮਜ਼ਦੂਰ ਬਾਹਰ ਨਿਕਲਣ 'ਚ ਸਫ਼ਲ ਰਹੇ, ਜਦਕਿ ਨੌਂ ਲੋਕ ਅੰਦਰ ਫਸ ਗਏ। ਇਨ੍ਹਾਂ 'ਚੋਂ ਸੱਤ ਸੜ ਕੇ ਮਰ ਗਏ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly

Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਚੈੱਕ ਬਾਊਂਸ ਮਾਮਲਾ: ਅਦਾਕਾਰ ਰਾਜਪਾਲ ਯਾਦਵ ਨੂੰ ਜੇਲ ਵਿਚੋਂ ਅਸਥਾਈ ਤੌਰ ਉਤੇ ਰਿਹਾਅ ਕੀਤਾ ਗਿਆ



**ਨਵੀਂ ਦਿੱਲੀ।** ਦਿੱਲੀ ਹਾਈ ਕੋਰਟ ਨੇ ਅਦਾਕਾਰ ਰਾਜਪਾਲ ਯਾਦਵ ਨੂੰ ਚੈੱਕ ਬਾਊਂਸ ਮਾਮਲੇ ’ਚ ਰਾਹਤ ਦਿੰਦਿਆਂ ਉਨ੍ਹਾਂ ਦੀ ਸਜ਼ਾ 18 ਮਾਰਚ ਤਕ ਮੁਅੱਤਲ ਕਰ ਦਿਤੀ ਹੈ ਅਤੇ ਉਨ੍ਹਾਂ ਨੂੰ ਜੇਲ ਤੋਂ ਰਿਹਾਅ ਕਰਨ ਦੀ ਇਜਾਜ਼ਤ ਦੇ ਦਿਤੀ ਹੈ।

ਜਸਟਿਸ ਸਵਰਨਾ ਕਾਂਤਾ ਸ਼ਰਮਾ ਨੇ ਇਹ ਹੁਕਮ ਇਹ ਨੋਟ ਕਰਨ ਤੋਂ ਬਾਅਦ ਜਾਰੀ ਕੀਤਾ ਕਿ ਯਾਦਵ ਨੇ ਸ਼ਿਕਾਇਤਕਰਤਾ ਮੈਸਰਜ਼ ਮੁਰਲੀ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ ਦੇ ਬੈਂਕ ਖਾਤੇ ਵਿਚ 1.5 ਕਰੋੜ ਰੁਪਏ ਜਮ੍ਹਾ ਕਰਵਾਏ ਸਨ। ਜੱਜ ਨੇ ਕਿਹਾ, ‘‘ਅਸੀਂ ਤੁਹਾਨੂੰ ਸਜ਼ਾ ਦੀ ਅੰਤਰਿਮ ਮੁਅੱਤਲੀ ਦੇ ਰਹੇ ਹਾਂ ... ਇਹ ਸੁਣਵਾਈ ਦੀ ਅਗਲੀ ਤਰੀਕ ਤਕ ਹੈ।’’

ਯਾਦਵ ਨੇ 19 ਫ਼ਰਵਰੀ ਨੂੰ ਅਪਣੇ ਪਰਵਾਰ ਵਿਚ ਵਿਆਹ ਦੇ ਅਧਾਰ ਉਤੇ ਅਪਣੀ ਸਜ਼ਾ ਮੁਅੱਤਲ ਕਰਨ ਦੀ ਮੰਗ ਕੀਤੀ ਸੀ। ਅਦਾਲਤ ਨੇ ਯਾਦਵ ਨੂੰ ਅਪਣਾ ਪਾਸਪੋਰਟ ਸੌਂਪਣ ਅਤੇ ਬਿਨਾਂ ਇਜਾਜ਼ਤ ਦੇ ਦੇਸ਼ ਤੋਂ ਬਾਹਰ ਨਾ ਜਾਣ ਦੇ ਹੁਕਮ ਦਿਤੇ। ਅਦਾਲਤ ਨੇ ਯਾਦਵ ਨੂੰ 18 ਮਾਰਚ ਨੂੰ ਸੁਣਵਾਈ ਦੀ ਅਗਲੀ ਤਰੀਕ ਉਤੇ ਮੌਜੂਦ ਰਹਿਣ ਦਾ ਹੁਕਮ ਦਿਤਾ। ਅਦਾਲਤ ਦੀ ਕਾਰਵਾਈ ਯਾਦਵ ਅਤੇ ਉਨ੍ਹਾਂ ਦੀ ਪਤਨੀ ਵਲੋਂ ਸੈਸ਼ਨ ਕੋਰਟ ਦੇ 2019 ਦੇ ਫੈਸਲੇ ਨੂੰ ਚੁਨੌਤੀ ਦੇਣ ਵਾਲੀਆਂ ਸੋਧ ਪਟੀਸ਼ਨਾਂ ਉਤੇ ਆਈ ਹੈ, ਜਿਸ ਨੇ ਅਪ੍ਰੈਲ 2018 ਵਿਚ ਚੈੱਕ ਬਾਊਂਸ ਮਾਮਲਿਆਂ ਵਿਚ ਮੈਜਿਸਟਰੇਟ ਅਦਾਲਤ ਵਲੋਂ ਉਨ੍ਹਾਂ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਮੈਜਿਸਟਰੇਟ ਅਦਾਲਤ ਨੇ ਉਸ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਸੀ।

ਜੂਨ 2024 ’ਚ, ਹਾਈ ਕੋਰਟ ਨੇ ਉਸ ਦੀ ਸਜ਼ਾ ਨੂੰ ਅਸਥਾਈ ਤੌਰ ਉਤੇ ਮੁਅੱਤਲ ਕਰ ਦਿਤਾ ਸੀ, ਵਿਰੋਧੀ ਧਿਰ ਨਾਲ ਸੁਖਾਵੇਂ ਸਮਝੌਤੇ ਉਤੇ ਪਹੁੰਚਣ ਦੀ ਸੰਭਾਵਨਾ ਦੀ ਪੜਚੋਲ ਕਰਨ ਲਈ ਉਨ੍ਹਾਂ ਨੇ ‘ਸੁਹਿਰਦ ਅਤੇ ਅਸਲ ਉਪਾਅ’ ਅਪਣਾਏ ਸਨ।

ਉਸ ਸਮੇਂ, ਯਾਦਵ ਦੇ ਵਕੀਲ ਨੇ ਕਿਹਾ ਸੀ ਕਿ ਇਹ ਇਕ ਫਿਲਮ ਦੇ ਨਿਰਮਾਣ ਲਈ ਵਿੱਤ ਦੇਣ ਲਈ ਇਕ ਅਸਲ ਲੈਣ-ਦੇਣ ਸੀ, ਜੋ ਬਾਕਸ ਆਫਿਸ ਉਤੇ ਫਲਾਪ ਹੋ ਗਈ ਸੀ, ਜਿਸ ਦੇ ਨਤੀਜੇ ਵਜੋਂ ਭਾਰੀ ਨੁਕਸਾਨ ਹੋਇਆ।

2 ਫ਼ਰਵਰੀ ਨੂੰ ਜਾਰੀ ਕੀਤੇ ਗਏ ਹੁਕਮ ’ਚ, ਉਸ ਨੂੰ 4 ਫ਼ਰਵਰੀ ਨੂੰ ਸ਼ਾਮ 4 ਵਜੇ ਤਕ ਆਤਮ ਸਮਰਪਣ ਕਰਨ ਦਾ ਹੁਕਮ ਦਿੰਦੇ ਹੋਏ, ਅਦਾਲਤ ਨੇ ਕਿਹਾ ਸੀ ਕਿ ਯਾਦਵ ਦੇ ਵਿਵਹਾਰ ਨੂੰ ਨਿੰਦਿਆ ਜਾਣਾ ਚਾਹੀਦਾ ਹੈ ਕਿਉਂਕਿ ਉਸ ਨੇ ਸ਼ਿਕਾਇਤਕਰਤਾ ਮੈਸਰਜ਼ ਮੁਰਲੀ ਪ੍ਰਾਜੈਕਟ ਪ੍ਰਾਈਵੇਟ ਲਿਮਟਿਡ ਨੂੰ ਰਕਮ ਵਾਪਸ ਕਰਨ ਲਈ ਅਦਾਲਤ ਵਿਚ ਵਾਰ-ਵਾਰ ਅਪਣੇ ਵਾਅਦੇ ਦੀ ਉਲੰਘਣਾ ਕੀਤੀ ਸੀ।

ਅਦਾਲਤ ਨੇ ਨੋਟ ਕੀਤਾ ਸੀ ਕਿ ਯਾਦਵ ਨੂੰ ਅਪਣੇ ਵਿਰੁਧ ਸੱਤ ਮਾਮਲਿਆਂ ’ਚੋਂ ਹਰ ਮਾਮਲੇ ਵਿਚ 1.35 ਕਰੋੜ ਰੁਪਏ ਦਾ ਭੁਗਤਾਨ ਕਰਨ ਦੀ ਲੋੜ ਸੀ ਅਤੇ ਹੁਕਮ ਦਿਤਾ ਸੀ ਕਿ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਕੋਲ ਪਹਿਲਾਂ ਹੀ ਜਮ੍ਹਾ ਕੀਤੀ ਗਈ ਰਕਮ ਸ਼ਿਕਾਇਤਕਰਤਾ ਦੇ ਹੱਕ ਵਿਚ ਜਾਰੀ ਕੀਤੀ ਜਾਵੇ।

ਅਕਤੂਬਰ 2025 ’ਚ, ਰਜਿਸਟਰਾਰ ਜਨਰਲ ਕੋਲ 75 ਲੱਖ ਰੁਪਏ ਦੇ ਦੋ ਡਿਮਾਂਡ ਡਰਾਫਟ (ਡੀ.ਡੀ.) ਜਮ੍ਹਾ ਕਰਵਾਏ ਗਏ ਸਨ ਅਤੇ 9 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਗਈ ਸੀ। 4 ਫ਼ਰਵਰੀ ਨੂੰ ਅਦਾਲਤ ਨੇ ਯਾਦਵ ਨੂੰ ਜੇਲ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਦੀ ਸਮਾਂ ਸੀਮਾ ਵਧਾਉਣ ਤੋਂ ਇਨਕਾਰ ਕਰ ਦਿਤਾ ਸੀ।

# ਦੇਸ਼ ’ਚ ਥੋਕ ਮਹਿੰਗਾਈ ਜਨਵਰੀ ’ਚ ਵਧ ਕੇ 1.81 ਫ਼ੀਸਦੀ ਹੋਈ

**ਨਵੀਂ ਦਿੱਲੀ।** ਦੇਸ਼ ’ਚ ਥੋਕ ਮਹਿੰਗਾਈ ਜਨਵਰੀ ਦੌਰਾਨ ਲਗਾਤਾਰ ਤੀਜੇ ਮਹੀਨੇ ਵਧ ਕੇ 1.81 ਫ਼ੀ ਸਦੀ ’ਤੇ ਪਹੁੰਚ ਗਈ। ਭੋਜਨ ਪਦਾਰਥ, ਗ਼ੈਰ-ਭੋਜਨ ਪਦਾਰਥ ਅਤੇ ਨਿਰਮਿਤ ਉਤਪਾਦਾਂ ਦੀਆਂ ਕੀਮਤਾਂ ’ਚ ਮਹੀਨਾਵਾਰ ਆਧਾਰ ’ਤੇ ਵਾਧਾ ਇਸ ਦਾ ਮੁੱਖ ਕਾਰਨ ਰਿਹਾ। ਸੋਮਵਾਰ ਨੂੰ ਜਾਰੀ ਸਰਕਾਰੀ ਅੰਕੜਿਆਂ ’ਚ ਇਹ ਜਾਣਕਾਰੀ ਮਿਲੀ। ਥੋਕ ਮੁੱਖ ਸੂਚਕ ਅੰਕ (ਡਬਲਿਊ.ਪੀ.ਆਈ.) ਅਧਾਰਤ ਮਹਿੰਗਾਈ ਦਰ ਪਿਛਲੇ ਸਾਲ ਜਨਵਰੀ ’ਚ 2.51 ਫ਼ੀ ਸਦੀ ਜਦਕਿ ਦਸੰਬਰ 2025 ’ਚ 0.82 ਫ਼ੀ ਸਦੀ ਰਹੀ ਸੀ। ਉਦਯੋਗ ਮੰਤਰਾਲਾ ਨੇ ਬਿਆਨ ’ਚ ਕਿਹਾ, ‘‘ਜਨਵਰੀ 2026 ’ਚ ਥੋਕ ਮਹਿੰਗਾਈ ਵਧਣ ਦਾ ਮੁੱਖ ਕਾਰਨ ਮੂਲ ਧਾਤਾਂ ਦੇ ਨਿਰਮਾਣ, ਹੋਰ ਨਿਰਮਾਣ, ਗ਼ੈਰ-ਭੋਜਨ ਪਦਾਰਥ ਚੀਜ਼ਾਂ, ਭੋਜਨ ਪਦਾਰਥਾਂ ਅਤੇ



ਕਪੜਿਆਂ ਆਦਿ ਦੀਆਂ ਕੀਮਤਾਂ ’ਚ ਵਾਧਾ ਰਿਹਾ। ਥੋਕ ਮੁੱਲ ਸੂਚਕ ਅੰਕ (ਡਬਲਿਊ.ਪੀ.ਆਈ.) ਦੇ ਅੰਕੜਿਆਂ ਅਨੁਸਾਰ, ਜਨਵਰੀ ’ਚ ਭੋਜਨ ਪਦਾਰਥਾਂ ਦੀ ਮਹਿੰਗਾਈ ਦਰ 1.55 ਫ਼ੀ ਸਦੀ ਰਹੀ ਜਦਕਿ ਦਸੰਬਰ ’ਚ ਇਸ ’ਚ 0.43 ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ ਸੀ। ਸਬਜ਼ੀਆਂ ਦੇ ਮਾਮਲੇ ’ਚ ਜਨਵਰੀ ’ਚ ਮਹਿੰਗਾਈ ਦਰ 6.78 ਫ਼ੀ ਸਦੀ ਰਹੀ, ਜਦਕਿ ਦਸੰਬਰ ’ਚ ਇਸ ’ਚ 3.50 ਫ਼ੀ ਸਦੀ ਦੀ ਗਿਰਾਵਟ ਆਈ ਸੀ। ਨਿਰਮਿਤ ਉਤਪਾਦਾਂ ’ਚ ਥੋਕ ਮਹਿੰਗਾਈ ਜਨਵਰੀ ਤੋਂ ਵਧ ਕੇ 2.86 ਫ਼ੀ ਸਦੀ ਹੋ ਗਈ ਜੋ ਦਸੰਬਰ ’ਚ 1.82 ਫ਼ੀ ਸਦੀ ਸੀ। ਗ਼ੈਰ-ਭੋਜਨ ਪਦਾਰਥਾਂ ਦੀ ਸ਼੍ਰੇਣੀ ’ਚ ਮਹਿੰਗਾਈ ਜਨਵਰੀ ਦੌਰਾਨ ਤੇਜ਼ ਉਛਾਲ ਨਾਲ 7.58 ਹੋ ਗਈ ਜਦਕਿ ਦਸੰਬਰ ’ਚ ਇਹ 2.95 ਫ਼ੀ ਸਦੀ ਸੀ। ਬਾਲਣ ਅਤੇ ਬਿਜਲੀ ਖੇਤਰ ’ਚ ਮਹਿੰਗਾਈ ਦਰ ’ਚ ਗਿਰਾਵਟ ਜਾਰੀ ਰਹੀ। ਇਹ ਜਨਵਰੀ ’ਚ 4.01 ਫ਼ੀ ਸਦੀ ਰਹੀ ਸੀ ਜੋ ਦਸੰਬਰ ’ਚ 2.31 ਫ਼ੀ ਸਦੀ ਸੀ। ਸਰਕਾਰ ਵਲੋਂ ਪਿਛਲੇ ਹਫ਼ਤੇ ਜਾਰੀ ਅੰਕੜਿਆਂ ਅਨੁਸਾਰ ਦੇਸ਼ ਦੀ ਪ੍ਰਚੂਨ ਮਹਿੰਗਾਈ ਦਰ ਜਨਵਰੀ ’ਚ ਵਧ ਕੇ 2.75 ਫ਼ੀ ਸਦੀ ਹੋ ਗਈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵਿਆਜ ਦਰਾਂ ਨੂੰ ਮਿੱਥਣ ਲਈ ਪ੍ਰਚੂਨ ਮਹਿੰਗਾਈ ਦਰ ਦਾ ਆਧਾਰ ਬਣਾਉਂਦਾ ਹੈ। ਕੇਂਦਰੀ ਬੈਂਕ ਨੇ ਚਾਲੂ ਵਿੱਤੀ ਵਰ੍ਹੇ 2025-26 ’ਚ ਅਜੇ ਤਕ ਨੀਤੀਗਤ ਦਰ ਰੇਪੋ ’ਚ 1.25 ਫ਼ੀ ਸਦੀ ਦੀ ਕਟੌਤੀ ਕੀਤੀ ਹੈ ਜੋ ਹੁਣ 5.5 ਫ਼ੀ ਸਦੀ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING :- Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

## ਇੰਗਲੈਂਡ ਦੇ ਕਈ ਇਲਾਕਿਆਂ 'ਚ ਖਸਰੇ ਦਾ ਖ਼ਤਰਾ ਵਧਿਆ, ਬਿਨਾ ਟੀਕੇ ਵਾਲੇ ਵਿਦਿਆਰਥੀਆਂ ਨੂੰ ਸਕੂਲੋਂ ਰੋਕਣ ਦੀ ਚੇਤਾਵਨੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਕਈ ਇਲਾਕਿਆਂ ਵਿੱਚ ਖਸਰੇ ਦੇ ਵੱਧਦੇ ਮਾਮਲਿਆਂ ਨੂੰ ਲੈ ਕੇ ਸਿਹਤ ਅਧਿਕਾਰੀਆਂ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਰਿਪੋਰਟਾਂ ਮੁਤਾਬਕ ਜਿਨ੍ਹਾਂ ਬੱਚਿਆਂ ਨੂੰ ਐਮ.ਐਮ.ਆਰ. (ਖਸਰਾ, ਕੰਨਫੂਸੀ ਤੇ ਰੁਬੇਲਾ) ਦਾ ਟੀਕਾ ਨਹੀਂ ਲੱਗਿਆ, ਉਨ੍ਹਾਂ ਨੂੰ ਬਿਮਾਰੀ ਦੇ ਫੈਲਾਅ ਦੌਰਾਨ ਅਸਥਾਈ ਤੌਰ 'ਤੇ ਸਕੂਲਾਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਇਹ ਕਦਮ ਹੋਰ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸੋਚਿਆ ਜਾ ਰਿਹਾ ਹੈ।

ਸਿਹਤ ਵਿਭਾਗ ਦੇ ਮਾਹਿਰਾਂ ਅਨੁਸਾਰ ਖਸਰਾ ਬਹੁਤ ਹੀ ਸੰਕਰਾਮਕ ਵਾਇਰਸ ਹੈ ਜੋ ਖੰਘ, ਛੀਂਕ ਜਾਂ ਨਜ਼ਦੀਕੀ ਸੰਪਰਕ ਰਾਹੀਂ ਤੇਜ਼ੀ ਨਾਲ ਫੈਲਦਾ ਹੈ। ਇਸ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਲਗਾਤਾਰ ਖੰਘ, ਅੱਖਾਂ ਵਿੱਚ ਲਾਲੀ ਅਤੇ ਸਰੀਰ 'ਤੇ ਲਾਲ ਦਾਣੇ ਸ਼ਾਮਲ ਹਨ। ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਛੋਟੇ ਬੱਚਿਆਂ ਅਤੇ ਕਮਜ਼ੋਰ ਰੋਗ-ਪ੍ਰਤੀਰੋਧਕ ਸਮਰੱਥਾ ਵਾਲੇ ਵਿਅਕਤੀਆਂ ਲਈ ਇਹ ਬਿਮਾਰੀ ਗੰਭੀਰ ਸਾਬਤ ਹੋ ਸਕਦੀ ਹੈ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਕੁਝ ਇਲਾਕਿਆਂ ਵਿੱਚ ਟੀਕਾਕਰਣ ਦੀ ਦਰ ਘਟਣ ਕਾਰਨ ਮਾਮਲੇ ਵੱਧ ਰਹੇ ਹਨ। ਸਿਹਤ ਅਧਿਕਾਰੀਆਂ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਜੇ ਬੱਚਿਆਂ ਨੂੰ ਦੋ ਖੁਰਾਕਾਂ ਵਾਲਾ ਐਮ.ਐਮ.ਆਰ. ਟੀਕਾ ਨਹੀਂ ਲੱਗਿਆ ਤਾਂ ਤੁਰੰਤ ਆਪਣੇ ਜੀ.ਪੀ. ਜਾਂ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਮਾਹਿਰਾਂ ਦਾ ਕਹਿਣਾ ਹੈ ਕਿ ਦੋ ਖੁਰਾਕਾਂ ਨਾਲ ਲਗਭਗ ਪੂਰੀ ਸੁਰੱਖਿਆ ਪ੍ਰਾਪਤ ਹੁੰਦੀ ਹੈ।

ਸਕੂਲ ਪ੍ਰਬੰਧਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਜੇ ਕਿਸੇ ਸਕੂਲ ਵਿੱਚ ਖਸਰੇ ਦਾ ਪੁਸ਼ਟੀਕਰਤ ਮਾਮਲਾ ਸਾਹ-ਮਣੇ ਆਉਂਦਾ ਹੈ ਤਾਂ ਬਿਨਾ ਟੀਕੇ ਵਾਲੇ ਵਿਦਿਆਰਥੀਆਂ ਨੂੰ ਕੁਝ ਦਿਨਾਂ ਲਈ ਘਰ ਰਹਿਣ ਦੀ ਹਦਾਇਤ ਕੀਤੀ ਜਾ ਸਕਦੀ ਹੈ, ਤਾਂ ਜੋ ਸੰਕਰਮਣ ਦੀ ਲੜੀ ਨੂੰ ਤੋੜਿਆ ਜਾ ਸਕੇ। ਇਸ ਫੈਸਲੇ ਨੂੰ ਲੈ ਕੇ ਕੁਝ ਮਾਪਿਆਂ ਵੱਲੋਂ ਚਿੰਤਾ ਵੀ ਜ਼ਾਹਰ ਕੀਤੀ ਗਈ ਹੈ, ਪਰ ਸਿਹਤ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਇਹ ਕਦਮ ਸਿਰਫ਼ ਜਨ ਸੁਰੱਖਿਆ ਲਈ ਹੋਵੇਗਾ।

## ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਟੈੱਟ ਦੇ ਵਿਰੋਧ ਵਿੱਚ ਸੰਘਰਸ਼ ਦਾ ਐਲਾਨ

**●ਈ ਟੀ ਟੀ ਅਧਿਆਪਕ ਯੂਨੀਅਨ ਨੇ ਟੈੱਟ ਟੈਸਟ ਬਾਈਕਾਟ ਕਰਨ ਦਾ ਲਿਆ ਫੈਸਲਾ ●2011 ਤੋਂ ਪਹਿਲਾਂ ਭਰਤੀ ਅਧਿਆਪਕਾਂ 'ਤੇ ਟੈੱਟ ਦੀ ਸ਼ਰਤ ਥੋਪਣਾ ਗ਼ਲਤ ਹੈ – ਜਸਵਿੰਦਰ ਸਿੰਘ ਸਿੱਧੂ ●ਪੰਜਾਬ ਸਰਕਾਰ ਵੱਲੋਂ 2011 ਤੋਂ ਪਹਿਲਾਂ ਭਰਤੀ ਅਧਿਆਪਕਾਂ ਨੂੰ ਟੈੱਟ ਤੋਂ ਲਾਜ਼ਮੀ ਛੋਟ ਦੇਣੀ ਬਣਦੀ ਹੈ– ਜਸਪਾਲ ਥਿੰਦ**



**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ) –** ਜਿਲ੍ਹਾ ਪ੍ਰਧਾਨ ਜਸਪਾਲ ਸਿੰਘ ਥਿੰਦ ਦੀ ਅਗਵਾਈ ਵਿੱਚ ਈ ਟੀ ਟੀ ਅਧਿਆਪਕ ਯੂਨੀਅਨ ਕਪੂਰਥਲਾ ਦੀ ਮੀਟਿੰਗ ਹੋਈ । ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਥਿੰਦ ਨੇ ਦੱਸਿਆ ਕਿ ਸਟੇਟ ਕਮੇਟੀ ਦੀ ਹੋਈ ਮੀਟਿੰਗ ਵਿੱਚ ਈ ਟੀ ਟੀ ਅਧਿਆਪਕ ਯੂਨੀਅਨ ਨੇ ਟੈੱਟ ਟੈਸਟ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ ਲ ਸਾਰੇ ਕਮੇਟੀ ਮੈਬਰਾਂ ਨੇ ਇਸ ਗੱਲ ਤੇ ਹਾਮੀ ਭਰੀ ਕਿ ਪੁਰਾਣੇ ਲੱਗੇ ਅਧਿਆਪਕਾਂ 'ਤੇ ਟੈੱਟ ਦੀ ਸ਼ਰਤ ਲਾਉਣਾ ਸੰਵਿਧਾਨਕ ਨਹੀਂ ਹੈ। ਕਿਉਂਕਿ ਇਹਨਾਂ ਅਧਿਆਪਕਾਂ ਦੀ ਭਰਤੀ ਈ ਟੀ ਟੀ ਜਾਂ ਬੀ ਐੱਡ ਦੀ ਭਰਤੀ ਟੈਸਟ ਦੇ ਕੇ ਮੈਰਿਟ ਦੇ ਆਧਾਰ 'ਤੇ ਹੋਈ ਹੈ। ਮੀਟਿੰਗ ਵਿੱਚ ਇਹ ਵੀ ਗੱਲ ਹੋਈ ਕਿ ਜਦੋਂ ਸ਼ੁਰੂਆਤ ਵਿੱਚ ਕਿਸੇ ਵੀ ਪ੍ਰੀਖਿਆਰਥੀ ਨੇ ਟੈਸਟ ਦੇਣਾ ਹੁੰਦਾ ਤਾਂ ਉਸ ਨੇ ਮੁਕਾਬਲੇ ਦੀ ਪ੍ਰੀਖਿਆ ਵਿੱਚ ਸਾਰੇ ਵਿਸ਼ਿਆਂ ਦੀ ਤਿਆਰੀ ਕਰਨੀ ਹੁੰਦੀ ਹੈ। ਜੋ ਉਸ ਸਮੇਂ ਸਾਰੇ ਅਧਿਆਪਕਾਂ ਨੇ ਮੁਕਾਬਲੇ ਦੇ ਟੈਸਟ ਦੇ ਕੇ ਮੈਰਿਟ ਵਿੱਚ ਆ ਕੇ ਹੀ ਨੌਕਰੀ ਪ੍ਰਾਪਤ ਕੀਤੀ ਸੀ।ਈ. ਟੀ. ਟੀ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਨੇ ਸਮੂਹ ਅਧਿਆਪਕਾ ਨੂੰ ਕਿਹਾ ਕਿ 2011 ਤੋਂ ਪਹਿਲਾਂ ਭਰਤੀ ਹੋਇਆ ਕੋਈ ਵੀ ਅਧਿਆਪਕ ਟੈੱਟ ਦੀ ਪ੍ਰੀਖਿਆ ਨਹੀਂ ਦੇਵੇਗਾ ਅਤੇ ਇਸ ਸੰਬੰਧੀ ਜਲਦੀ ਹੀ ਸਿੱਖਿਆ ਮੰਤਰੀ ਪੰਜਾਬ ਨਾਲ ਮੀਟਿੰਗ ਕੀਤੀ ਜਾਵੇਗੀ। ਉਹਨਾਂ ਵੱਲੋਂ ਪੂਰੇ ਪੰਜਾਬ ਦੇ 2011 ਤੋਂ ਪਹਿਲਾਂ ਦੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਗਈ ਕਿ ਇਸ ਟੈੱਟ ਟੈਸਟ ਨੂੰ ਨਾ ਦੇਣਾ ਹੀ ਇਸ ਨੂੰ ਰੋਕਣ ਦਾ ਸਭ ਤੋਂ ਵੱਡਾ ਹਥਿਆਰ ਹੈ। ਜਿਸ ਤਰ੍ਹਾਂ ਪੂਰੇ ਭਾਰਤ ਦੇ ਮੁਲਾਜ਼ਮਾਂ ਨੇ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਨਾ ਆਪਣਾ ਕੇ ਹੀ ਇਸ ਨੂੰ ਸੈਂਟਰ ਪੱਧਰ 'ਤੇ ਖ਼ਤਮ ਕਰ ਦਿੱਤਾ ਹੈ। ਇਸ ਲਈ ਈ ਟੀ ਟੀ ਅਧਿਆਪਕ ਯੂਨੀਅਨ ਦੀ ਸਮੂਹ ਲੀਡਰਸ਼ਿਪ ਵੱਲੋਂ ਟੈੱਟ ਦਾ ਪੂਰਨ ਵਿਰੋਧ ਕੀਤਾ ਜਾਂਦਾ ਹੈ। ਇਸ ਮੌਕੇ ਤੇ ਉਹਨਾਂ ਦੇ ਨਾਲ ਜ਼ਿਲ੍ਹਾ ਜਨਰਲ ਸਕੱਤਰ ਕੁਲਦੀਪ ਸਿੰਘ ਸੀ ਐੱਚ ਟੀ, ਸਰਬਜੀਤ ਸਿੰਘ ਵਿਤ ਸਕੱਤਰ , ਰਾਜਦੀਪ ਕੌਰ,ਆਦਿ ਅਧਿਆਪਕ ਹਾਜਰ ਸਨ ।

## ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਮਹਾਨ ਤਪੱਸਵੀ ਸ੍ਰੀ ਮਾਨ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਪਾਵਨ ਜਨਮ ਦਿਹਾੜਾ ਲੈਸਟਰ ਦੇ ਗੁਰਦੁਆਰਾ ਸ੍ਰੀ ਰਾਮਗੜੀਆ ਸਾਹਿਬ, ਰਾਮਦਾਸ ਵੇਅ ਵਿਖੇ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਕੀਰਤਨ ਅਤੇ ਕਥਾ ਦਾ ਆਨੰਦ ਮਾਣਿਆ ਗਿਆ।

ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਤੋਂ ਬਾਅਦ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਿਆ ਗਿਆ। ਕਥਾਵਾਚਕਾਂ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਜੀਵਨ, ਉਨ੍ਹਾਂ ਦੀ ਆਤਮਕ ਉੱਚਾਈ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀਆਂ ਸੇਵਾਵਾਂ 'ਤੇ ਵਿਸਥਾਰ ਨਾਲ ਰੌਸ਼ਨੀ ਪਾਈ। ਉਨ੍ਹਾਂ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਅਸੀਂ ਵੀ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਗੁਰਮਤਿ ਜੀਵਨ ਅਪਣਾਈਏ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਾਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਇਤਿਹਾਸ ਨਾਲ ਜਾਣੂ ਕਰਾਉਂਦੇ ਹਨ। ਇਸ ਮੌਕੇ ਤੇ ਲਈ ਦੇ ਰਹੇ ਹੋ ਸਿੱਖ ਆਗੂ ਸੁਰਿੰਦਰ ਪਾਲ ਸਿੰਘ ਨੇ ਨਾਭ ਕਮਲ ਰਾਜਾ ਸਾਹਿਬ ਜੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਵੱਖ ਵੱਖ ਪ੍ਰਕਾਰ ਦੇ ਲੰਗਰ ਦੀ ਸੇਵਾ ਨਿਰੰਤਰ ਜਾਰੀ ਰਹੀ ਅਤੇ ਸੰਗਤਾਂ ਨੇ ਪ੍ਰੇਮ ਨਾਲ ਲੰਗਰ ਛਕਿਆ। ਪ੍ਰਬੰਧਕਾਂ ਨੇ ਕਿਹਾ ਕਿ ਸਮੂਹ ਸੇਵਾਦਾਰਾਂ ਦੇ ਸਹਿਯੋਗ ਨਾਲ ਇਹ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ। ਇਸ ਮੌਕੇ ਤੇ ਰਾਜਾ ਸਾਹਿਬ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਰਿਆਇਤ, ਵਾਈਸ ਪ੍ਰਧਾਨ ਜਗਜੀਵਨ ਸਿੰਘ, ਕਰਤਾਰ ਸਿੰਘ, ਕੁਲਵੰਤ ਸਿੰਘ, ਪ੍ਰਦੀਪ ਖੰਨਾ, ਰੌਕੀ ਸਿੰਘ, ਕੁਲਵਿੰਦਰ ਸਿੰਘ,ਜਸਵੀਰ ਸਿੰਘ, ਲੱਖਾ ਸਿੰਘ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਸਮੂਹ ਸੇਵਾਦਾਰਾਂ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਤਿੰਨੇ ਦਿਨ ਗੁਰੂ ਕੇ ਅਤੁੱਟ ਲੰਗਰ ਦੀ ਸੇਵਾ ਕੀਤੀ। ਅੰਤ ਵਿੱਚ ਅਰਦਾਸ ਉਪਰੰਤ ਸਮੂਹ ਸੰਗਤ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਚਰਨਾਂ ਵਿੱਚ ਸ਼ਰਧਾ ਭਾਵ ਪ੍ਰਗਟ ਕਰਦਿਆਂ ਚੜ੍ਹਦੀ ਕਲਾ ਦੀ ਅਰਦਾਸ ਕੀਤੀ।



**ਨਾਭ ਕੰਵਲ ਰਾਜਾ ਸਾਹਿਬ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਲੈਸਟਰ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਹਾਜ਼ਿਰ ਸੰਗਤਾਂ।**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੜਕਾਂ ਦੇ ਕੰਮਾਂ 'ਤੇ ਸਖ਼ਤ ਨਿਗਰਾਨੀ, 31 ਮਾਰਚ ਤੱਕ ਪਹਿਲ ਦੇ ਅਧਾਰ 'ਤੇ ਪ੍ਰੋਜੈਕਟ ਮੁਕੰਮਲ ਕਰਨ ਦੇ ਨਿਰਦੇਸ਼

## ਗੁਣਵੱਤਾ 'ਤੇ ਜ਼ੀਰੋ ਸਮਝੌਤਾ, ਲੋਕਾਂ ਦੀ ਸੁਵਿਧਾ ਪਹਿਲਾਂ : ਵਿਧਾਇਕ ਕੁਲਜੀਤ ਸਿੰਘ ਰੰਧਾਵਾ

**ਡੇਰਾਬੱਸੀ (ਸੰਜੀਵ ਸਿੰਘ ਸੈਣੀ )** ਡੇਰਾਬੱਸੀ ਹਲਕੇ ਵਿੱਚ ਸੜਕਾਂ ਦੀ ਮੌਜੂਦਾ ਹਾਲਤ ਸੁਧਾਰਨ ਅਤੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਲਈ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਐਸ.ਡੀ.ਐਮ ਡੇਰਾਬੱਸੀ ਸਮੇਤ ਪੀ ਡਬਲਯੂ ਡੀ, ਮੰਡੀ ਬੋਰਡ, ਮਾਈਨਿੰਗ ਅਤੇ ਡਰੇਨੇਜ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਹਾਜ਼ਰੀ ਭਰੀ। ਮੀਟਿੰਗ ਦੌਰਾਨ ਖਰਾਬ ਸੜਕਾਂ ਦੀ ਵਿਸਥਾਰ ਨਾਲ ਸਮੀਖਿਆ ਕਰਕੇ ਪ੍ਰਾਇਰਟੀ ਲਿਸਟ ਤਿਆਰ ਕੀਤੀ ਗਈ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ। ਵਿਧਾਇਕ ਨੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਚੱਲ ਰਹੇ ਅਤੇ ਮਨਜ਼ੂਰੀ ਅਧੀਨ ਪ੍ਰੋਜੈਕਟਾਂ ਦੀ



ਪ੍ਰਗਤੀ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਨਿਰਧਾਰਤ ਸਮਾਂ ਸੀਮਾ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ। ਬਜਟ ਅਤੇ ਫੰਡਿੰਗ ਸਥਿਤੀ ਦੀ ਵੀ ਜਾਂਚ ਕੀਤੀ ਗਈ ਅਤੇ ਰੁਕਾਵਟਾਂ ਨੂੰ ਤੁਰੰਤ ਦੂਰ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ। ਵਿਧਾਇਕ ਨੇ ਕੰਮ ਦੀ ਗੁਣਵੱਤਾ 'ਤੇ ਖ਼ਾਸ ਜ਼ੋਰ ਦਿੰਦਿਆਂ ਨਿਗਰਾਨੀ ਪ੍ਰਣਾਲੀ ਮਜ਼ਬੂਤ ਕਰਨ ਅਤੇ ਠੇਕੇਦਾਰਾਂ ਦੀ ਜਵਾਬਦੇਹੀ ਨਿਸ਼ਚਿਤ ਕਰਨ ਲਈ ਕਿਹਾ। ਨਾਲ ਹੀ ਮੀਂਹ ਦੌਰਾਨ ਪਾਣੀ ਖੜ੍ਹਾ ਹੋਣ ਕਾਰਨ ਸੜਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਡਰੇਨੇਜ ਸਿਸਟਮ ਨਾਲ ਪ੍ਰਭਾਵਸ਼ਾਲੀ ਕੋਆਰਡੀਨੇਸ਼ਨ ਬਣਾਉਣ 'ਤੇ ਵੀ ਜ਼ੋਰ ਦਿੱਤਾ। ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਹਲਕੇ ਦੀਆਂ ਪ੍ਰਾਇਰਟੀ ਸੜਕਾਂ ਦੇ ਸਾਰੇ ਕੰਮ 31 ਮਾਰਚ ਤੱਕ ਹਰ ਹਾਲਤ ਵਿੱਚ ਮੁਕੰਮਲ ਕੀਤੇ ਜਾਣ, ਤਾਂ ਜੋ ਡੇਰਾਬੱਸੀ ਦੇ ਨਿਵਾਸੀਆਂ ਨੂੰ ਬਿਹਤਰ ਅਤੇ ਸੁਰੱਖਿਅਤ ਆਵਾਜਾਈ ਸਹੂਲਤ ਮਿਲ ਸਕੇ।

# ਗੂਗਲ ਪੇ ਦੇ ਮਾਧਿਅਮ ਰਾਹੀਂ ਇੱਕ ਵਿਅਕਤੀ ਵੱਲੋਂ ਲੋਕਾਂ ਨਾਲ ਮਾਰੀ ਜਾ ਰਹੀ ਹੈ ਠੱਗੀ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਹਲਕੇ ਵਿੱਚ ਇੱਕ ਵਿਅਕਤੀ ਵੱਲੋਂ ਨਵਾਂ ਢੰਗ ਲੱਭਦੇ ਹੋਏ ਗੂਗਲ ਪੇ ਦੇ ਮਾਧਿਅਮ ਰਾਹੀਂ ਲੋਕਾਂ ਨਾਲ ਠੱਗੀ ਮਾਰੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਕਥਿਤ ਤੌਰ 'ਤੇ ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਬੀਤੇ ਕੁੱਝ ਦਿਨਾਂ ਤੋਂ ਇੱਕ ਵਿਅਕਤੀ ਭੀੜ-ਭੜੱਕੇ ਵਾਲੀਆਂ ਦੁਕਾਨਾਂ ਜਿਨਾਂ ਵਿੱਚ ਮੈਡੀਕਲ ਸਟੋਰ ਵੀ ਸ਼ਾਮਿਲ ਹਨ ਉੱਤੇ ਜਾਂਦਾ ਹੈ ਅਤੇ ਉਥੋਂ 50 ਜਾਂ 100 ਰੁਪਏ ਦਾ ਸਮਾਨ ਖਰੀਦ ਕੇ ਦੁਕਾਨ ਮਾਲਕ ਨੂੰ ਕਹਿੰਦਾ ਹੈ ਕਿ ਮੇਰੇ ਕੋਲ ਕੈਸ਼ ਨਹੀਂ ਸਿਰਫ ਗੂਗਲ ਪੇ ਵਿੱਚ ਹੀ ਪੈਸੇ ਹਨ ਅਤੇ ਮੈਂ ਤੁਹਾਨੂੰ 500 ਰੁਪਏ ਗੂਗਲ ਪੇ ਕਰ ਦਿੰਦਾ ਹਾਂ ਤੇ ਤੁਸੀਂ ਮੈਨੂੰ ਬਚਦੇ ਪੈਸੇ ਵਾਪਸ ਦੇ ਦਿਓ ਕਿਉਂਕਿ ਮੈਂ ਕੁੱਝ ਹੋਰ ਸਮਾਨ ਖਰੀਦਣਾ ਹੈ ਜਿੱਥੇ ਗੂਗਲ ਪੇ ਰਾਹੀਂ ਪੇਮੈਂਟ ਨਹੀਂ ਹੋ ਸਕਦੀ। ਸਬੰਧਤ ਦੁਕਾਨਦਾਰ ਉਸ ਦੇ ਮੋਬ-ਾਇਲ ਫੋਨ 'ਤੇ ਗੂਗਲ ਪੇਮੈਂਟ ਦੀ ਲੱਗੀ ਟਿਕ ਦੇਖ ਕੇ ਉਸ ਨੂੰ ਬਕਾਇਆ




ਬਚਦੇ ਪੈਸੇ ਦੇ ਦਿੰਦੇ। ਠੱਗੀ ਮਾਰਨ ਦੇ ਇਸ ਨਵੇਂ ਢੰਗ ਨਾਲ ਵਿਅਕਤੀ ਨੇ ਪੈਟਰੋਲ ਪੰਪ, ਮੈਡੀਕਲ ਸਟੋਰਾਂ, ਕਿਰਿਆਨੇ ਤੇ ਹੋਰ ਦੁਕਾਨਾਂ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ। ਠੱਗੀ ਦਾ ਸ਼ਿਕਾਰ ਹੋਏ ਦੁਕਾਨਦਾਰਾਂ ਨੂੰ ਬਾਅਦ ਵਿੱਚ ਹੀ ਪਤਾ ਲੱਗਦਾ। ਜਿਨਾਂ ਦੁਕਾਨਾਂ 'ਤੇ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਉਹਨਾਂ ਵੱਲੋਂ ਤਾਂ ਰਿਕਾਰਡਿੰਗ ਚੈੱਕ ਕਰ ਲਈ ਜਾਂਦੀ ਹੈ ਲੇਕਿਨ ਜਿਨਾਂ ਦੁਕਾਨਾਂ 'ਤੇ ਕੈਮਰੇ ਆਦਿ ਨਹੀਂ ਉਹਨਾਂ ਲਈ ਮੁਸ਼ਕਿਲ ਹੁੰਦੀ ਹੈ। ਪਤਾ ਲੱਗਾ ਹੈ ਕਿ ਇੱਕ ਦੁਕ-ਾਨਦਾਰ ਨੇ ਤਾਂ ਕੈਮਰਿਆਂ ਵਿੱਚ ਕੈਦ ਹੋਈ ਉਸ ਦੀ ਵੀਡੀਓ ਤੋਂ ਵਿਅਕਤੀ ਦੀ ਪਛਾਣ ਕੀਤੀ ਅਤੇ ਪੁੱਛਗਿੱਛ ਕਰਦੇ ਹੋਏ ਉਸਦੇ ਪਿੰਡ ਪਹੁੰਚ ਕੀਤੀ ਜਿੱਥੇ ਉਸਦੀ ਬਿਮਾਰ ਮਾਂ ਨੇ ਮਿੰਨਤ ਕੀਤੀ ਅਤੇ ਮਾਰੀ ਗਈ ਠੱਗੀ ਦੇ ਪੈਸੇ ਵਾਪਸ ਕਰਵਾਏ। ਇਹ ਠੱਗ ਵਿਅਕਤੀ ਬਲਾਚੌਰ ਦੇ ਨੇੜਲੇ ਇੱਕ ਪਿੰਡ ਦਾ ਦੱਸਿਆ ਜਾ ਰਿਹਾ ਹੈ।

# ਪੂਰਬੀ ਹਲਕੇ ਵਿੱਚ ਘੱਟ ਦਰਾਂ 'ਤੇ ਜਾਇਦਾਦਾਂ ਦੀ ਰਜਿਸਟਰੀ ਕਰਕੇ ਸਰਕਾਰੀ ਮਾਲੀਏ ਨੂੰ ਨੁਕਸਾਨ ਪਹੁੰਚਾਉਣ ਵਾਲੇ ਸਟੈਂਪ ਡਿਊਟੀ ਘੁਟਾਲੇ ਵਿੱਚ ਹਾਈ ਕੋਰਟ ਵਿੱਚ ਪੁਲਿਸ ਦਾ ਬਿਆਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਪੂਰਬੀ ਸਬ-ਡਿਵੀਜ਼ਨ ਵਿੱਚ 2016 ਤੋਂ 2019 ਦੌਰਾਨ 26 ਜ਼ਮੀਨੀ ਸੌਦਿਆਂ ਦਾ ਮੁੱਲ ਘਟਾ ਕੇ ਸਟੈਂਪ ਡਿਊਟੀ ਚੋਰੀ ਕਰਨ ਦੇ ਦੋਸ਼ ਹੁਣ ਇੱਕ ਵੱਡੇ ਘੁਟਾਲੇ ਦਾ ਖੁਲਾਸਾ ਕਰ ਰਹੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸੁਣਵਾਈ ਦੌਰਾਨ, ਪੁਲਿਸ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਸਾਰੇ 296 ਮਾਮਲਿਆਂ ਵਿੱਚ ਵੱਖਰੇ ਤੌਰ 'ਤੇ ਕੇਸ ਦਰਜ ਕੀਤੇ ਜਾਣਗੇ ਅਤੇ ਪੂਰੀ ਜਾਂਚ ਕੀਤੀ ਜਾਵੇਗੀ। ਸੁਣਵਾਈ ਦੌਰਾਨ, ਪੁਲਿਸ ਦੇ ਵਧੀਕ ਡਿਪਟੀ ਕਮਿਸ਼ਨਰ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਹਰੇਕ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇਗੀ। ਅਦਾਲਤ ਵਿੱਚ ਮੌਜੂਦ ਜ਼ਿਲ੍ਹਾ ਮਾਲ ਅਧਿਕਾਰੀ ਗਿਰਜਿੰਦਰ ਸਿੰਘ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਪੂਰੇ ਮਾਮਲੇ ਦੀ ਜਾਂਚ ਕਰਨਗੇ ਅਤੇ ਅਗਲੀ ਸੁਣਵਾਈ 'ਤੇ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਜਾਂਚ ਕੀਤੀ ਜਾਵੇਗੀ ਕਿ ਜਿਨ੍ਹਾਂ ਮਾਮਲਿਆਂ ਵਿੱਚ ਇਹ ਕਟੌਤੀ ਗਈ ਸੀ, ਉਨ੍ਹਾਂ ਵਿੱਚ ਅਜੇ ਤੱਕ ਘੱਟ ਮੁੱਲ ਵਾਲੀ ਸਟੈਂਪ ਡਿਊਟੀ ਦਾ ਭੁਗਤਾਨ ਕਿਉਂ ਨਹੀਂ ਕੀਤਾ



ਗਿਆ। ਮਾਮਲੇ ਦੀ ਅਗਲੀ ਸੁਣਵਾਈ 13 ਫਰਵਰੀ ਨੂੰ ਹੋਣੀ ਹੈ। ਇਸ ਲਈ, ਇਸੇ ਤਰ੍ਹਾਂ ਦੇ ਦੋਸ਼ਾਂ ਦੇ ਬਾਵਜੂਦ, 2016 ਦੇ ਮਾਮਲੇ ਵਿੱਚ ਰੱਦ ਕਰਨ ਦੀ ਰਿਪੋਰਟ ਦਾਇਰ ਕਰਨ ਦਾ ਕੋਈ ਜਾਇਜ਼ ਨਹੀਂ ਹੈ। ਅਦਾਲਤ ਨੇ ਰਾਜ ਦੇ ਵਕੀਲ ਨੂੰ ਪਹਿਲੇ ਮਾਮਲੇ ਵਿੱਚ ਦੋ ਹਫ਼ਤਿਆਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਇਹ ਮੁੱਦਾ ਸੈਕਟਰ 320, ਚੰਡੀਗੜ੍ਹ ਰੋਡ ਦੇ ਵਸਨੀਕ ਅਤੇ ਕਿਸਾਨ ਸੁਭਾਸ਼ ਕੁੰਦਰਾ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਉੱਠਿਆ। ਕੁੰਦਰਾ ਦਾ ਦੋਸ਼ ਹੈ ਕਿ ਘੱਟ ਕੀਮਤ 'ਤੇ ਜ਼ਮੀਨ ਦੀ ਰਜਿਸਟਰੀ ਕਰਕੇ ਸਰਕਾਰ ਨੂੰ ਮਾਲੀਆ ਨੁਕਸਾਨ ਹੋਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਮੁੱਦੇ ਨੂੰ ਉਠਾਉਣ ਲਈ ਉਨ੍ਹਾਂ ਨੂੰ ਧਮਕੀਆਂ ਅਤੇ ਇੱਥੋਂ ਤੱਕ ਕਿ ਹਮਲੇ ਦਾ ਸਾਹਮਣਾ ਕਰਨਾ ਪਿਆ। 2016 ਵਿੱਚ ਦਾਇਰ ਕੀਤੇ ਗਏ ਪਹਿਲੇ ਮਾਮਲੇ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਮਾਲੀਆ ਅਧਿਕਾਰੀਆਂ ਨੇ ਦਸਤਾਵੇਜ਼ਾਂ ਨੂੰ ਜਾਅਲੀ ਬਣਾਉਣ ਅਤੇ ਜ਼ਮੀਨ ਦੇ ਖੇਤਰ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲਈ ਮਿਲੀਭੁਗਤ ਕੀਤੀ। ਇਸੇ ਤਰ੍ਹਾਂ 2022 ਵਿੱਚ, ਇਸੇ ਤਰ੍ਹਾਂ ਦੇ ਦੋਸ਼ਾਂ 'ਤੇ ਇੱਕ ਹੋਰ ਐਫਆਈਆਰ ਦਰਜ ਕੀਤੀ ਗਈ ਸੀ।

# ਵਿਧਾਇਕ ਸੰਤੋਸ਼ ਕਟਾਰੀਆ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਬ੍ਰਹਮਚਾਰੀ ਸਪੋਰਟਸ ਐਂਡ ਵੈਲਫੇਅਰ ਯੂਥ ਕਲੱਬ ਵੱਲੋਂ ਬੀ.ਏ.ਵੀ. ਗਰਾਊਂਡ ਬਲਾਚੌਰ ਵਿਖੇ ਕਰਵਾਏ ਜਾ ਰਹੇ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਅੱਜ ਬਲਾਚੌਰ ਸ਼ਹਿਰ ਅਤੇ ਪਿੰਡ ਗੜੀ ਕਾਨੂੰਗੋ ਦੀਆਂ ਟੀਮਾਂ ਦੌਰਾਨ ਖੇਡਿਆ ਗਿਆ। ਫੁੱਟਬਾਲ ਦੇ ਫਾਈਨਲ ਮੈਚ ਦੀ ਸ਼ੁਰੂਆਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜੀ ਅਤੇ ਵਿਧਾਇਕ ਹਲਕਾ ਬਲਾਚੌਰ ਸ਼੍ਰੀਮਤੀ ਸੰਤੋਸ਼ ਕਟਾਰੀਆ ਵੱਲੋਂ ਕੀਤੀ। ਇਸ ਮੌਕੇ 'ਤੇ ਬਲਾਚੌਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ, ਧਰਮਿੰਦਰ ਤ੍ਰਿਪਾਠੀ ਐਮ.ਸੀ, ਧਰਮਿੰਦਰ ਮੇਨਕਾ ਐਮ.ਸੀ,ਜਸਵਿੰਦਰ ਸਿਆਣਾ, ਐਸ.ਸੀ ਵਿੰਗ ਦੇ ਤਹਿਸੀਲ ਪ੍ਰਧਾਨ ਕੁਲਦੀਪ ਸਿੰਘ, ਅਜੇ ਕੁਮਾਰ ਐਮ.ਸੀ., ਰਾਧੇ ਸ਼ਾਮ ਐਮ.ਸੀ, ਡਾ. ਸੁਨਿਤਾ ਸ਼ਰਮਾ, ਡਾ. ਭੁਪਿੰਦਰ ਜੀਤ ਸਿੰਘ ਸੂਰੀ, ਸਤਨਾਮ ਸਿੰਘ ਐਨ.ਆਰ.ਆਈ, ਸੁਖਵੀਰ ਕੌਰ ਤਹਿਸੀਲਦਾਰ ਬਲਾਚੌਰ ਆਦਿ ਹਾਜ਼ਰ ਸਨ।



ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜੀ ਨੇ ਕਿਹਾ ਕਿ ਪੰਜਾਬ ਵਿਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਬੱਚਿਆਂ ਦੇ ਭਵਿੱਖ ਅਤੇ ਉਨ੍ਹਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਪਿੰਡ-ਪਿੰਡ ਸਟੇਡੀਅਮ ਬਣਾਉਣ ਦੀ ਯੋਜਨਾ ਉਲੀਕੀ ਹੈ। ਉਨ੍ਹਾਂ ਨੇ ਪਿੰਡ ਗੜੀ ਕਾਨੂੰਗੋ ਦੀ ਟੀਮ ਨੂੰ 5100 ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਿਹੜੀ ਜੇਤੂ ਟੀਮ ਗੋਲ ਕਰੇਗੀ ਉਸ ਨੂੰ ਵੀ 5100 ਰੁਪਏ ਇਨਾਮ ਰਾਸ਼ੀ ਦਿੱਤੀ ਜਾਵੇਗੀ। ਇਸ ਮੌਕੇ 'ਤੇ ਵਿਧਾਇਕ ਹਲਕਾ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਨੌਜਵਾਨਾਂ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੂਰੇ ਪੰਜਾਬ ਵਿਚ ਲਗਭਗ 3300 ਦੇ ਕਰੀਬ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਵੱਲੋਂ ਖੇਡ ਮੈਦਾਨ ਲਈ 10 ਲੱਖ ਰੁਪਏ ਦੇਣ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਜਲਦ ਪੂਰਾ ਕਰਕੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੁਚੀ ਲੈਣ।

# ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਮੰਗਾਂ ਮਨਵਾਉਣ ਲਈ ਲਗਾਤਾਰ ਸੰਘਰਸ਼ ਜਾਰੀ ਰਹੇਗਾ :- ਡਾਕਟਰ ਸਲੋਹ, ਡਾਕਟਰ ਬੱਧਣ



**ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਦੀ ਪ੍ਰਧਾਨਗੀ ਹੇਠ ਮਹਾਂ ਸ਼ਿਵਰਾਤਰੀ ਦੇ ਉਤਸ਼ਵ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸੂਬਾ ਕਮੇਟੀ ਵੱਲੋਂ ਜੋ ਸੰਘਰਸ਼ ਛੇੜਿਆ ਹੋਇਆ ਹੈ ਉਹ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਇਸ ਨੂੰ ਹੱਲ ਨਹੀਂ ਕਰਦੀ। ਉਨ੍ਹਾਂ ਮੀਟਿੰਗ ਦੌਰਾਨ ਇਹ ਵੀ ਦੱਸਿਆ ਕਿ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਕਾਲਖ਼ ਅਤੇ ਸੂਬਾ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕਾਂ ਦੇ ਆਮ ਅਜਲਾਸ ਕਰਵਾਏ ਜਾ ਰਹੇ ਹਨ ਜਿਸ ਦੇ ਤਹਿਤ ਬਲਾਕ ਨਵਾਂਸ਼ਹਿਰ ਦਾ ਆਮ ਅਜਲਾਸ 15 ਮਾਰਚ ਨੂੰ ਕਰਵਾਇਆ ਜਾਵੇਗਾ ਜਿਸ ਵਿੱਚ ਬਲਾਕ ਦੇ ਸਮੂਹ ਮੈਂਬਰ ਹਾਜ਼ਰ ਹੋਣਗੇ। ਬਲਾਕ ਜਨਰਲ ਸਕੱਤਰ ਡਾਕਟਰ ਮਨਜਿੰਦਰ ਸੱਲ੍ਹਣ ਅਤੇ ਬਲਾਕ ਕੈਸ਼ੀਅਰ ਡਾਕਟਰ ਬਲਵਿੰਦਰ ਬੈਂਸ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸਾਰੇ ਮੈਂਬਰਾਂ ਨੂੰ ਆਪਣੀ ਏਕਤਾ ਅਤੇ ਪਿਆਰ ਬਣਾ ਕੇ ਰੱਖਣ ਦੇ ਨਾਲ ਨਾਲ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀਆਂ ਹਰ ਇੱਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ। ਮੀਟਿੰਗ ਦੌਰਾਨ ਡਾਕਟਰ ਜਸਵਿੰਦਰ ਕੁਮਾਰ ਨਵਾਂਸ਼ਹਿਰ ਦਾ ਐਸੋਸੀਏਸ਼ਨ ਦਾ ਨਵਾਂ ਮੈਂਬਰ ਬਣਨ ਤੇ ਸਵਾਗਤ ਕੀਤਾ ਗਿਆ।ਇਸ ਸਮੇਂ ਬਲਾਕ ਚੇਅਰਮੈਨ ਡਾਕਟਰ ਦਿਲਬਾਗ ਸਿੰਘ, ਵਾਇਸ ਚੇਅਰਮੈਨ ਡਾਕਟਰ ਤਰਸੇਮ ਸਲੋਹ, ਡਾਕਟਰ ਜੁਗਿੰਦਰ ਪਾਲ ਬਰਨਾਲਾ, ਡਾਕਟਰ ਕੇਸਰ ਰਾਮ, ਡਾਕਟਰ ਸੁਰਜੀਤ ਰਲ਼, ਡਾਕਟਰ ਰੋਸ਼ਨ ਲਾਲ, ਡਾਕਟਰ ਅਮਰਜੀਤ ਜੱਬੋਵਾਲ, ਡਾਕਟਰ ਸਤਨਾਮ ਸਿੰਘ ਜੱਬੋਵਾਲ, ਡਾਕਟਰ ਦਲਵੀਰ ਵਿਰਦੀ , ਡਾਕਟਰ ਨਿਰਮਲ ਸਿੰਘ ਖਾਨਪੁਰ, ਡਾਕਟਰ ਏ ਬੀ ਅਰੋੜਾ, ਡਾਕਟਰ ਸੰਦੀਪ ਮੱਟੂ, ਡਾਕਟਰ ਸਤਨਾਮ ਲਾਡੀ, ਡਾਕਟਰ ਰੰਜੀਤ ਸਿੰਘ, ਡਾਕਟਰ ਮਨਜੀਤ ਕੌਰ, ਡਾਕਟਰ ਸੰਤੋਖ ਬਾਲੀ, ਡਾਕਟਰ ਪ੍ਰਵੀਨ ਕਾਹਮਾ, ਡਾਕਟਰ ਸਤਨਾਮ ਸਿੰਘ ਅਲਾਚੌਰ ਅਤੇ ਡਾਕਟਰ ਜਸਵਿੰਦਰ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

# ਮੀਂਹ ਨਾਲ ਨੁਕਸਾਨੇ ਗਏ 1708 ਘਰਾਂ ਵਾਲੇ ਪਰਿਵਾਰਾਂ ਨੂੰ 10.68 ਕਰੋੜ ਦੀ ਰਾਹਤ ਰਾਸ਼ੀ ਪ੍ਰਦਾਨ ਕੀਤੀ-ਡਾ.ਰਾਜ ਕੁਮਾਰ ਚੱਬੇਵਾਲ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰੀ ਮੀਂਹਾਂ ਕਾਰਨ ਜਿਲ੍ਹੇ ਵਿੱਚ ਜਿਨ੍ਹਾਂ 1708 ਲੋਕਾਂ ਦੇ ਘਰਾਂ ਦਾ ਨੁਕਸਾਨ ਹੋਇਆ ਸੀ ਨੂੰ ਸਰਕਾਰ ਵੱਲੋਂ ਜਾਰੀ 10.68 ਕਰੋੜ ਰੁਪਏ ਦੀ ਰਾਹਤ ਰਾਸ਼ੀ ਦੇ ਚੈੱਕ ਆਪ ਦੇ ਲੋਕ ਸਭਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਆਪਣੇ ਗ੍ਰਹਿ ਵਿਖੇ ਵੰਡੇ ਗਏ, ਜਿਕਰਯੋਗ ਹੈ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਸਰਕਾਰ ਵੱਲੋਂ 40 ਹਜਾਰ ਤੋਂ ਲੈ ਕੇ 1 ਲੱਖ 20 ਹਜਾਰ ਤੱਕ ਦੀ ਇਹ ਰਾਸ਼ਤ ਰਾਸ਼ੀ ਪ੍ਰਦਾਨ ਕੀਤੀ ਗਈ ਹੈ। ਇਸ ਮੌਕੇ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਭਾਵਿਤ ਪਰਿਵਾਰਾਂ ਨਾਲ ਜੋ ਵਾਅਦਾ ਕੀਤਾ ਗਿਆ ਉਸ ਨੂੰ ਪੂਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕੁਦਰਤੀ ਆਫਤ ਅੱਗੇ ਕਿਸੇ ਦਾ ਜੋਰ ਨਹੀਂ ਹੁੰਦਾ ਲੇਕਿਨ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਇਸੇ ਲਈ ਹਰ ਥਾਂ ਲੋਕਾਂ ਦੇ ਦੁੱਖ-ਸੁੱਖ ਦੀ ਭਾਈਵਾਲ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅੱਜ ਤੱਕ ਜਿਹੜਾ ਵੀ ਵਾਅਦਾ ਕੀਤਾ ਗਿਆ ਹੈ ਉਸ ਨੂੰ ਸਮੇਂ ਸਿਰ ਪੂਰਾ ਕੀਤਾ ਗਿਆ ਹੈ ਜਦੋਂ ਕਿ ਦੂਜੀਆਂ ਸਿਆਸੀ ਧਿਰਾਂ ਵਾਅਦੇ ਕਰਨ ਵਿੱਚ ਤਾਂ ਯਕੀਨ ਰੱਖਦੀਆਂ ਹਨ ਲੇਕਿਨ ਕਦੇ ਵੀ ਉਨ੍ਹਾਂ ਨੂੰ ਪੂਰਾ ਨਹੀਂ ਕਰਦੀਆਂ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਰਿਕਾਰਡ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ ਤੇ ਮੌਜੂਦਾ ਸਮੇਂ ਵੱਡੇ ਪੱਧਰ 'ਤੇ ਕਾਰਜ ਜਾਰੀ ਵੀ ਹਨ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਦੌਰਾਨ ਜਲਦ ਹੀ ਜਿਲ੍ਹੇ ਦੀਆਂ ਸੜਕਾਂ ਦੀ ਨੁਹਾਰ ਬਦਲਣ ਜਾ ਰਹੀ ਹੈ। ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਹਰ ਘਰ ਤੱਕ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਪੁੱਜਦਾ ਕੀਤਾ ਜਾ ਰਿਹਾ ਹੈ, ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕ ਸਾਡੇ ਪਰਿਵਾਰ ਦੇ ਮੈਂਬਰ ਹਨ ਅਤੇ ਹਰ ਪਰਿਵਾਰ ਦਾ ਵਿਕਾਸ ਕਰਨਾ ਸਾਡਾ ਫਰਜ਼ ਹੈ ਜਿਸ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾ ਰਿਹਾ ਹੈ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਜਿਸ ਤਰ੍ਹਾਂ ਮੀਂਹ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਪ੍ਰਦਾਨ ਕੀਤੀ ਗਈ ਗਈ ਹੈ ਇਵੇਂ ਹੀ ਸਰਕਾਰ ਦੀਆਂ ਹੋਰ ਨੀਤੀਆਂ ਤਹਿਤ ਰਾਹਤ ਲੋਕਾਂ ਤੱਕ ਪੁੱਜਦੀ ਕਰਨੀ ਜਾਰੀ ਰੱਖੀ ਜਾਵੇਗੀ।

# ਜਦੋਂ ਲਾੜੇ ਅਤੇ ਲਾੜੀ ਨੇ ਭਾਰਤ ਪਾਕਿਸਤਾਨ ਦਾ ਮੈਚ ਵੱਡੀ ਸਕਰੀਨ ਲਾ ਕੇ ਵੇਖਿਆ

**ਕਪੂਰਥਲਾ ( ਕੌੜਾ )** – ਭਾਰਤ ਅੰਦਰ ਕ੍ਰਿਕਟ ਮੈਚਾਂ ਦਾ ਜਾਦੂ ਇਸ ਕਦਰ ਸਿਰ ਚੜ ਕੇ ਬੋਲਦਾ ਹੈ ਕਿ ਜਿਸ ਦੀਆਂ ਬਹੁਤ ਉਦਾਹਰਨਾਂ ਮਿਲ ਜਾਂਦੀਆਂ ਹਨ। ਪਰ ਜੇ ਕਿਧਰੇ ਸੰਸਾਰ ਦੀਆਂ ਦੋ ਪ੍ਰਸਿੱਧ ਵਿਰੋਧੀ ਟੀਮਾਂ ਭਾਰਤ ਅਤੇ ਪਾਕਿਸਤਾਨ ਮੈਚ ਖੇਡ ਰਹੀਆਂ ਹੋਣ ਅਤੇ ਉਹ ਵੀ ਟੀ ਟਵੰਟੀ ਵਰਲਡ ਕੱਪ ਹੋਵੇ, ਤਾਂ ਫਿਰ ਦਰਸ਼ਕਾਂ ਅੰਦਰ ਮੈਚ ਪ੍ਰਤੀ ਖਿੱਚ ਵੀ ਸਿਖਰਾਂ ਨੂੰ ਛੂਹ ਲਵੇਗੀ, ਤੇ ਇਨ੍ਹਾਂ ਦਰਸ਼ਕਾਂ ਚ ਭਾਵੇਂ ਲਾੜਾ ਤੇ ਲਾੜੇ ਹੀ ਕਿਉਂ ਨਾ ਹੋਣ। ਅਜਿਹੀ ਹੀ ਇੱਕ ਉਦਾਹਰਨ ਉਸ ਵੇਲੇ ਦੇਖਣ ਨੂੰ ਮਿਲੀ। ਜਦੋਂ ਆਪਣੇ ਵਿਆਹ ਵਾਲੇ ਦਿਨ ਰਾਤ ਦੀ ਰੱਖੀ ਹੋਈ ਰਿਸੈਪਸ਼ਨ ਪਾਰਟੀ ਮੌਕੇ ਲਾੜਾ ਜਸ਼ਨਦੀਪ ਸਿੰਘ ਸਪੁੱਤਰ ਸਰਬਜੀਤ ਸਿੰਘ ਸਾਬਕਾ ਸਰਪੰਚ ਪਿੰਡ ਬੂਲਪੁਰ ਜ਼ਿਲ੍ਹਾ ਕਪੂਰਥਲਾ ਅਤੇ ਲਾੜੀ ਸਿਮਰਨਜੀਤ ਕੌਰ ਸਪੁੱਤਰੀ ਸਰਦਾਰ ਨਿਰਮਲ ਸਿੰਘ ਵਾਸੀ ਪਿੰਡ ਸੂਜੋਕਾਲੀਆਂ ਜ਼ਿਲਾ ਕਪੂਰਥਲਾ ਨੇ ਪੈਲਸ ਅੰਦਰ ਹੀ ਵੱਡੀ ਸਕਰੀਨ ਲਾ ਕੇ ਭਾਰਤ ਅਤੇ ਪਾਕਿਸਤਾਨ ਦਾ ਕ੍ਰਿਕਟ ਮੈਚ ਦੇਖਿਆ। ਇਸ ਮੌਕੇ ਜਿੱਥੇ ਲਾੜਾ ਅਤੇ ਲਾੜੀ ਨੇ ਕ੍ਰਿਕਟ ਮੈਚ ਦਾ ਆਨੰਦ ਮਾਣਿਆ। ਉੱਥੇ ਆਏ ਹੋਏ ਸਾਰੇ ਮਹਿਮਾਨਾਂ ਨੇ ਵੀ ਮੈਚ ਦਾ ਸਿੱਧਾ ਪ੍ਰਸਾਰਨ ਦੇਖ ਕੇ ਲਾੜੇ ਲਾੜੀ ਅਤੇ ਪ੍ਰਬੰਧਕਾਂ ਨੂੰ ਵਿਆਹ ਅਤੇ ਭਾਰਤ ਦੇ 61 ਰਨਾਂ ਨਾਲ ਜੇਤੂ ਹੋਣ ਦੀਆਂ ਦੋਹਰੀਆਂ ਵਧਾਈਆਂ ਵੀ ਸਾਂਝੀਆਂ ਕੀਤੀਆਂ ।



**ਲੋਹੀਆਂ ਖਾਸ,ਵੱਡੀ ਸਕਰੀਨ ਤੇ ਭਾਰਤ ਅਤੇ ਪਾਕਿਸਤਾਨ ਦੇ ਮੈਚ ਦਾ ਸਿੱਧਾ ਪ੍ਰਸਾਰਣ ਦੇਖਦੇ ਹੋਏ ਲਾੜਾ ਜਸ਼ਨਦੀਪ ਸਿੰਘ, ਲਾੜੀ ਸਿਮਰਨਜੀਤ ਕੌਰ ਅਤੇ ਉਨਾਂ ਦੇ ਮਾਤਾ ਪਿਤਾ।**

# ਪਿੰਡ ਘੁੰਮਣ ਕਲਾਂ ਵਿਖੇ ਮੁਫ਼ਤ ਆਯੂਸ਼ ਮੈਡੀਕਲ ਕੈਂਪ ਦਾ ਆਯੋਜਨ

**ਮਾਨਸਾ ( ਚਾਨਣਦੀਪ ਸਿੰਘ ਔਲਖ)** ਮਾਨਯੋਗ ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਜੀ ਵੱਲੋਂ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡੀ.ਏ.ਯੂ.ਓ. ਮਾਨਸਾ ਡਾ. ਨਮਿਤਾ ਗਰਗ ਜੀ ਅਤੇ ਜ਼ਿਲ੍ਹਾ ਹੋਮਿਓਪੈਥੀ ਅਧਿਕਾਰੀ ਡਾ ਰਾਜੀਵ ਕੁਮਾਰ ਜੀ ਦੀ ਰਹਿਨੁਮਾਈ ਹੇਠ ਗੁਰਦੁਆਰਾ ਸਾਹਿਬ ਘੁੰਮਣ ਕਲਾਂ ਵਿਖੇ ਇੱਕ ਮੁਫ਼ਤ ਆਯੁਸ਼ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਡਾਕਟਰ ਵਰਿੰਦਰ ਕੁਮਾਰ ਏ ਐਮ ਓ ਤੇ ਡਾਕਟਰ ਪੂਜਾ ਰਾਣੀ ਏ ਐਮ ਓ ਅਤੇ ਹੋਮਿਓਪੈਥੀ ਡਾਕਟਰ ਪੋਮਲਪ੍ਰੀਤ ਕੌਰ ਨੇ ਮਰੀਜਾਂ ਨੂੰ ਚੈਕ ਕਰਨ ਉਪਰੰਤ ਫ਼ਰੀ ਦਵਾਈਆਂ ਦਿੱਤੀਆਂ। ਇਸ ਕੈਂਪ ਤੋਂ ਕੁੱਲ 588 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ, ਜਿਨ੍ਹਾਂ ਵਿੱਚੋਂ ਆਯੁਰਵੇਦਿਕ ਇਲਾਜ 306 ਅਤੇ ਹੋਮਿਓਪੈਥਿਕ ਇਲਾਜ 282 ਲੋਕਾਂ ਨੇ ਪ੍ਰਾਪਤ ਕੀਤਾ।ਸਟਾਫ ਵੱਲੋਂ ਕੈਂਪ ਦੌਰਾਨ ਮਰੀਜ਼ਾਂ ਨੂੰ ਆਹਾਰ ਸੰਬੰਧੀ ਜਾਣਕਾਰੀ ਦਿੱਤੀ ਆਯੁਰਵੈਦਾ ਉਪ ਵੈਦ ਕੁਲਦੀਪ ਸਿੰਘ ਅਤੇ ਕਿਰਨਪਾਲ ਕੌਰ ਨੇ ਮਰੀਜਾਂ ਨੂੰ ਦਵਾਈਆਂ ਵੰਡੀਆਂ ਜਗਤਾਰ ਸਿੰਘ ਅਤੇ ਸੁਖਜਿੰਦਰ ਕੌਰ ਸੀਂਹ ਨੇ ਹੋਮਿਓਪੈਥੀ ਦਵਾਈਆਂ ਦੀ ਵੰਡ ਕੀਤੀ।



# ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੀਆਂ ਸੰਸਥਾਵਾਂ ਵਿਚ ਸ਼ਾਨਦਾਰ ਕੰਮ ਕਰਨ ਵਾਲੇ 10 ਸੇਵਾਕਰਮੀ ਸਾਲਾਨਾ ਸੇਵਾ ਉੱਤਮਤਾ ਅਵਾਰਡ ਨਾਲ ਸਨਮਾਨਿਤ


**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੀ ਵੱਖ ਵੱਖ ਸੰਸਥਾਵਾਂ ਵਿਚ ਸ਼ਾਨਦਾਰ ਕੰਮ ਕਰਨ ਵਾਲੇ 10 ਸੇਵਾਕਰਮੀਆਂ ਨੂੰ ਸਾਲਾਨਾ ਸੇਵਾ ਉੱਤਮਤਾ ਐਵਾਰਡ 2025-26 ਨਾਲ ਸਨਮਾਨਿਤ ਕੀਤਾ ਗਿਆ । ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿਹੜੇ ਵਿਚ ਹੋਏ ਇਸ ਸਮਾਗਮ ਵਿਚ ਪ੍ਰੇਮ ਪ੍ਰਕਾਸ਼ ਸਿੰਘ (ਸੀਨੀਅਰ ਅਕਾਊਟੈਂਟ), ਸਰਬਜੀਤ ਕੌਰ (ਕੰਪਿਊਟਰ ਅਧਿਆਪਕ), ਸੋਨੀਆ ਸਿੰਘ (ਇੰਚਾਰਜ ਆਈ.ਸੀ.ਯੂ.), ਡਾ. ਦੀਪਕ ਦੁੱਗਲ (ਐਨਸਥੀਸੀਆ ਮਾਹਿਰ), ਜਗਦੀਸ਼ ਕੌਰ (ਸਫਾਈ ਸੇਵਕ), ਰਾਮ ਦੇਵ (ਮਾਲੀ), ਮਨੀਸ਼ਾ (ਸਾਂਇੰਸ ਅਧਿਆਪਕਾ), ਹਰਦੀਪ ਪਾਲ (ਸੁਰੱਖਿਆ ਗਾਰਡ), ਮਨਜੀਤ ਸਿੰਘ (ਇੰਚਾਰਜ ਬਲੱਡ ਸੈਂਟਰ) ਅਤੇ ਹਰਜੀਤ ਸਿੰਘ (ਸਕੂਲ ਬੱਸ ਡਰਾਈਵਰ) ਦਾ ਸਨਮਾਨ ਹੋਇਆ । ਇਹਨਾਂ ਸੇਵਾਕਰਮੀਆਂ ਨੂੰ ਸਨਮਾਨ ਵਿਚ ਪ੍ਰਸੰਸਾ ਪੱਤਰ, ਕੀਮਤੀ ਗੁੱਟ ਘੜੀ ਭੇਟ ਕਰਕੇ ਅਤੇ ਕਾਲਰ ਪਿੰਨ ਲਗਾ ਕੇ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਸਾਧੜਾ ਨੇ ਆਪਣੇ ਕਰ ਕਮਲਾਂ ਸਨਮਾਨਿਤ ਕੀਤਾ । ਇਸ ਮੌਕੇ ਸਾਲ 1983 ਤੋਂ ਨਿਰੰਤਰ ਸੇਵਾਵਾਂ ਕਰਨ ਹਿੱਤ ਟਰੱਸਟ ਮੈਂਬਰ ਨਰਿੰਦਰ ਸਿੰਘ ਸ਼ੇਰਗਿੱਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਕਿਹਾ ਕਿ ਸੰਸਥਾਵਾਂ ਦੀ ਕਾਮਯਾਬੀ ਵਿੱਚ ਇਹਨਾਂ ਸਨਮਾਨਿਤ ਸੇਵਾਕਰਮੀਆਂ ਅਤੇ ਟਰੱਸਟ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਹੈ । ਟਰੱਸਟ ਦੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਵੱਲੋਂ ਸਨਮਾਨਿਤ ਸੇਵਾਕਰਮੀਆਂ ਨੂੰ ਵਧਾਈਆਂ ਦਿੰਦੇ ਹੋਏ ਸੰਸਥਾਵਾਂ ਨੂੰ ਬੁਲੰਦੀਆਂ 'ਤੇ ਪੁੰਹਚਾਉਣ ਲਈ ਉਹਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ । ਸਮਾਗਮ ਵਿਚ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ । ਸਮਾਗਮ ਵਿਚ ਗੁਰੂ ਨਾਨਕ ਕਾਲਜ ਆਫ ਨਰਸਿੰਗ ਅਤੇ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਦੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੇ ਸਰੋਤਿਆਂ ਦਾ ਮਨ ਮੋਹ ਲਿਆ । ਇਸ ਮੌਕੇ ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸੀਤਲ ਸਿੰਘ ਸਿੱਧੂ ਟਰੱਸਟ ਮੈਂਬਰ, ਨਰਿੰਦਰ ਸਿੰਘ ਸ਼ੇਰਗਿੱਲ ਟਰੱਸਟ ਮੈਂਬਰ, ਹਰਿੰਦਰ ਕੌਰ ਕੈਨੇਡਾ, ਮਨਵੀਰ ਕੌਰ ਕੈਨੇਡਾ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਤੋਂ ਇਲਾਵਾ ਸਮੂਹ ਸਟਾਫ ਅਤੇ ਨਰਸਿੰਗ ਤੇ ਪੈਰਾ ਮੈਡੀਕਲ ਵਿਦਿਆਰਥੀ ਵੀ ਹਾਜ਼ਰ ਸਨ ।



**ਸਨਮਾਨਿਤ ਸੇਵਾ ਕਰਮੀਆਂ ਦੀ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ, ਟਰੱਸਟ ਅਹੁਦੇਦਾਰਾਂ, ਮੈਂਬਰਾਂ ਨਾਲ ਯਾਦਗਾਰੀ ਤਸਵੀਰ**

# ਦਲਿਤ ਕੁੜੀਆਂ ਨੂੰ ਹਮਲੇ ਦਾ ਨਿਸ਼ਾਨਾ ਬਣਾਉਣਾ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਤੌਹੀਨ ਹੈ - ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਸਮਾਜਿਕ ਅਨਿਆ, ਜਾਤ ਪਾਤੀ ਵਿਤਕਰੇ , ਨਫ਼ਰਤ ਅਤੇ ਦਾਬੇ ਖ਼ਿਲਾਫ਼ ਸਮਾਜਿਕ ਬਰਾਬਰੀ ਲਈ ਜੂਝਣ ਦੀ ਇਤਿਹਾਸਕ ਵਿਰਾਸਤ ਦੇ ਚਿਰਾਗ਼ ਨੂੰ ਜਗਦਾ ਰੱਖ ਰਹੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਦਿਨ ਦਿਹਾੜੇ, ਸੁਰੱਖਿਆ ਕਰਮੀਆਂ ਦੀ ਮੌਜੂਦਗੀ 'ਚ ਸਮਾਜ ਦੇ ਲਿਤਾੜੇ ਵਰਗ ਦੀਆਂ ਕੁੜੀਆਂ , ਪੱਤਰਕਾਰ ਨਵੀਨ ਉੱਪਰ ਦਿੱਲੀ ਵਿਖੇ ਜਨਤਕ ਇਕੱਤਰਤਾ ਉਪਰ ਹਮਲਾ ਕਰਕੇ ਜਾਤੀ ਨਫ਼ਰਤ ਅਤੇ ਹਕੂਮਤੀ ਥਾਪੜੇ ਦੇ ਨਸ਼ੇ ਵਿੱਚ ਪਾਗ਼ਲ ਹੋਏ ਤੱਤਾਂ ਨੇ ਦਰਸਾ ਦਿੱਤਾ ਕਿ ਸਦੀਆਂ ਦੇ ਲਿਤਾੜੇ ਲੋਕਾਂ ਨੂੰ ਆਪਣੇ ਸਵੈਮਾਣ ਲਈ ਖ਼ੁਦ ਹੀ ਘਰਾਂ ਤੋਂ ਬਾਹਰ ਨਿਕਲਣਾ ਪਵੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਹੈ ਕਿ 'ਸਵੱਛ ਭਾਰਤ', ''ਵਿਸ਼ਵ ਗੁਰੂ'' ਹੋਣ ਦੀਆਂ ਟਾਹਰਾਂ ਮਾਰਨ ਵਾਲਿਆਂ ਦੇ ਮੁਲਕ ਅੰਦਰ ਜ਼ੋ ਗੁੰਡਾਗਰਦੀ ਦਾ ਨੰਗਾ ਨਾਚ ਹੋ ਰਿਹਾ ਹੈ ਹੈ ਉਸਦੇ ਪ੍ਰਮਾਣਕ ਸਬੂਤਾਂ ਦੇ ਅਧਾਰ ਤੇ ਕਮੇਟੀ ਦਾ ਕਹਿਣਾ ਹੈ ਕਿ ਜਾਗਦੀ ਜਮੀਰ ਵਾਲਾ ਕੋਈ ਵੀ ਇਨਸਾਨ ਭਲਾ ਖਾਮੋਸ਼ੀ ਦੀ ਚਾਦਰ ਲੈ ਕੇ ਕਿਵੇਂ ਸੌਂ ਸਕਦਾ ਹੈ ? ਉਹਨਾਂ ਦੱਸਿਆ ਕਿ ਦਲਿਤ ਵਰਗ ਦੇ ਲੋਕਾਂ ਲਈ ਪੀਣ ਵਾਲੇ ਸਾਫ ਪਾਣੀ ਦੀ ਗੱਲ ਕਰਦੇ ਅਤੇ ਵਿੱਦਿਅਕ ਅਦਾਰਿਆਂ ਅੰਦਰ ਆਪਣੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕਰਦੀਆਂ ਵਿਦਿਆਰਥਣਾਂ ਵਿਦਿਆਰਥੀਆਂ ਖ਼ਾਸ ਕਰਕੇ ਕੁੜੀਆਂ ਨੂੰ ਬੇਸ਼ਰਮੀ ਨਾਲ ਇਹ ਕਹਿ ਕੇ ਜਲੀਲ ਕੀਤਾ ਗਿਆ ਕਿ, ''ਤੁਹਾਨੂੰ 5 ਹਜਾਰ ਸਾਲ ਤੋਂ ਪੀਣ ਵਾਲਾ ਪਾਣੀ ਨਹੀਂ ਮਿਲਿਆ, ਹੁਣ ਲੈ ਲਿਆ ਪਾਣੀ? ਪੱਤਰਕਾਰ ਦੇ ਪਰਦੇ ਓਹਲੇ ਭੜਕਾਊ ਮਾਹੌਲ ਬਣਾਉਣ ਵਾਲੇ ਤੱਤਾਂ ਦੀ ਭੂਮਿਕਾ ਦਾ ਨਵਾਂ ਤਜੱਰਬਾ ਇਸ ਘਟਨਾ ਮੌਕੇ ਉੱਘੜ ਕੇ ਸਾਹਮਣੇ ਆਇਆ ਹੈ। ਜਨਤਕ ਇਕੱਤਰਤਾ ਵਿੱਚ ਪੱਤਰਕਾਰ ਦੇ ਰੂਪ ਵਿੱਚ ਸਾਹਮਣੇ ਆਈ ਇੱਕ ਲੜਕੀ ਭੜਕਾਹਟ ਭਰਿਆ ਬਿਰਤਾਂਤ ਸਿਰਜਣ ਲਈ ਆਪਣੀ ਅਸਲੀ ਭੂਮਿਕਾ ਵਿੱਚ ਸਾਹਮਣੇ ਆਉਂਦੀ ਹੈ ਅਤੇ ਨਾਲ਼ ਹੀ ਇਹ ਆਵਾਜ਼ ਆਉਂਦੀ ਹੈ ਕਿ, 'ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ''। ''ਬ੍ਰਾਹਮਣਵਾਦ ਜ਼ਿੰਦਾਬਾਦ'' ਵਿਦਿਆਰਥੀ ਆਗੂ ਕੁੜੀ ਅੰਜਲੀ ਉਪਰ ਜਿਸਮਾਨੀ ਹਮਲਾ ਕੀਤਾ ਜਾਂਦਾ ਹੈ ਦਲਿਤ ਪੱਤਰਕਾਰ ਨਵੀਨ ਉਪਰ ਹਮਲਾ ਕਰਨ ਵਾਲਿਆਂ ਉਪਰ ਕਾਰਵਾਈ ਕਰਨ ਦੀ ਬਜਾਏ, ਪੁਲਸ ਸੁਰੱਖਿਆ ਚੇਨ ਬਣਾ ਕੇ ਇੱਥੋਂ ਕੱਢਣ ਵਿੱਚ ਸਹਾਇਤਾ ਕਰਦੀ ਹੈ। ਜਦੋਂ ਵਿਦਿਆਰਥੀ ਆਗੂ ਅੰਜਲੀ ਮਿਊਰਿਸ ਥਾਣਾ ਦਿੱਲੀ ਆਪਣੇ ਉਪਰ ਹੋਏ ਹਮਲੇ ਅਤੇ ਇਸ ਸਾਰੇ ਘਟਨਾਕ੍ਰਮ ਦੀ ਰਿਪੋਰਟ ਦੇਣ ਜਾਂਦੀ ਹੈ ਤਾਂ ਜਨਤਕ ਇਕੱਤਰਤਾ ਉਪਰ ਹਮਲਾ ਕਰਨ ਵਾਲੇ ਥਾਣੇ ਅੰਦਰ ਹੀ ਹੋਰ ਤੱਤਾਂ ਨੂੰ ਵੀ ਬੁਲਾ ਕੇ ਅੰਜਲੀ ਉਪਰ ਹਮਲਾ ਕਰਦੇ ਹਨ। ਉਹ ਥਾਣੇ ਵਿੱਚ ਹੀ ਇੱਕ ਕਮਰੇ ਵਿੱਚ ਜਾਨ ਬਚਾਉਣ ਦੀ ਕੋਸ਼ਿਸ਼ ਕਰਦੀ ਹੈ ਉਸਨੂੰ ਡਰਾਉਣ ਧਮਕਾਉਣ ਲਈ ਕਿਹਾ ਜਾਂਦਾ ਹੈ ਕਿ, ''ਤੂੰ ਵੱਡੀ ਨੇਤਾ ਬਣਨ ਦੀ ਕੋਸ਼ਿਸ਼ ਕਰ ਰਹੀ ਹੈ।' ਵਿਦਿਆਰਥੀ ਜੱਥੇਬੰਦੀ ਆਇਸ਼ਾ ਦੀ ਆਗੂ ਅੰਜਲੀ ਦਾ ਕਹਿਣਾ ਹੈ ਉਸਦੇ ਕੱਪੜੇ ਤੱਕ ਪਾੜ ਕੇ ਉਸਨੂੰ ਨੰਗਾ ਕਰਨ ਦੀ ਬੇਸ਼ਰਮੀ ਭਰੀ ਹਰਕਤ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਦਿੱਲੀ ਅਤੇ ਮੁੰਬਈ ਯੂਨੀਵਰਸਿਟੀ ਵਿੱਚ ਐੱਸ ਇਰਫ਼ਾਨ ਹਬੀਬ ਅਤੇ ਨਸੀਰੂਦੀਨ ਸ਼ਾਹ ਦੀ ਜੁਬਾਨਬੰਦੀ ਕਰਨ ਦੀਆਂ ਖਬਰਾਂ ਦੀ ਸਿਆਹੀ ਵੀ ਨਹੀਂ ਸੁੱਕੀ ਕਿ ਅੱਜ ਦਿੱਲੀ ਯੂਨੀਵਰਸਿਟੀ ਦੀਆਂ ਦਲਿਤ ਸਮਾਜ ਦੀਆਂ ਕੁੜੀਆਂ ਖਾਸ ਕਰਕੇ ਉਹਨਾਂ ਦੀ ਬੁਲੰਦ ਆਵਾਜ਼, ਅੰਜਲੀ ਨੂੰ ਚੋਣਵਾਂ ਨਿਸ਼ਾਨਾ ਬਣਾਉਣ ਵਰਗੇ ਵਧ ਰਹੇ ਖ਼ਤਰਨਾਕ ਰੁਝਾਨ ਮੁਲਕ ਦੀਆਂ ਦੇਸ਼ ਭਗਤਾਂ ਦੀਆਂ ਵਾਰਸ ਸਭਨਾਂ ਤਾਕਤਾਂ ਨੂੰ ਹੱਕ ਸੱਚ ਇਨਸਾਫ ਲਈ ਜੋਟੀ ਪਾ ਕੇ ਅੱਗੇ ਆਉਣ ਲਈ ਆਵਾਜ਼ ਦੇ ਰਹੇ ਹਨ।



# ਮਾਹਲ ਗਹਿਲਾ ਦਾ ਪੰਜ ਦਿਨ ਚੱਲਣ ਵਾਲਾ ਸਲਾਨਾ ਫੁੱਟਬਾਲ ਟੂਰਨਾਮੈਂਟ ਅਮਿਟ ਪੈੜਾਂ ਛੱਡਦਾ ਹੋਇਆ ਸਮਾਪਤ

## ਕੇਹਰ ਫੁੱਟਬਾਲ ਕਲੱਬ ਜਲੰਧਰ ਦੀ ਟੀਮ ਨੇ ਫਾਈਨਲ ਜਿੱਤਕੇ 71 ਹਜਾਰ ਰੁਪਏ ਤੇ ਸੁੰਦਰ ਟਰਾਫੀ ਕੀਤੀ ਆਪਣੇ ਨਾਂ

**ਬੰਗਾ( ਚਰਨਜੀਤ ਸੱਲ੍ਹਾਂ )** ਮਾਹਲ ਗਹਿਲਾ ਫੁੱਟਬਾਲ ਅਕੈਡਮੀ ਰਜਿ: ਵਲੋਂ ਪਿੰਡ ਮਾਹਲ ਗਹਿਲਾ ਵਿਖੇ ਐਨ ਆਰ ਆਈ, ਸਮੂਹ ਨਗਰ ਨਿਵਾਸੀਆਂ ਅਤੇ ਗਰਾਮ ਪੰਚਾਇਤ ਮਾਹਲ ਗਹਿਲਾ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼ਹੀਦ ਭਗਤ ਸਿੰਘ ਫੁੱਟਬਾਲ ਸਟੇਡੀਅਮ ਮਾਹਲ ਗਹਿਲਾ ਵਿਖੇ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਪੰਜ ਦਿਨ ਚੱਲਣ ਵਾਲਾ ਇਹ ਫੁੱਟਬਾਲ ਟੂਰਨਾਮੈਂਟ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ। ਇਸ ਮੌਕੇ ਟੀਮਾਂ ਨੂੰ ਅਸ਼ੀਰਵਾਦ ਦੇਣ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਅਤੇ ਹਰਜੋਤ ਕੌਰ ਲੋਹਟੀਆ ਵਾਈਸ ਚੇਅਰਪਰਸਨ ਐਸਸੀ ਕਮਿਸ਼ਨ ਪੰਜਾਬ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਉਹਨਾਂ ਨੇ ਨੌਜਵਾਨਾਂ ਨੂੰ ਉੱਚ ਵਿਦਿਆ ਪ੍ਰਾਪਤ ਕਰਕੇ ਉੱਚੇ ਰੁਤਵੇ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਅੱਗੇ ਕਿਹਾ ਕਿ ਅਸੀਂ ਪੰਜਾਬੀ ਰੋਸਾ ਤਾਂ ਬਹੁਤ ਛੇਤੀ ਕਰ ਲੈਂਦੇ ਹਾਂ ਕਿ ਬਾਹਰਲੇ ਸੂਬਿਆਂ ਦੇ ਅਫਸਰ ਸਾਡੇ ਤੇ ਥੋਪੇ ਜਾ ਰਹੇ ਹਨ ਪਰ ਅਸੀਂ ਰੀਸ ਨਹੀਂ ਕਰਦੇ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਆਈਪੀਐਸ, ਆਈਏਐਸ ਵਰਗੇ ਇਮਤਿਹਾਨ ਦੇਣ ਲਈ ਪ੍ਰੇਰਿਤ ਕਰੀਏ। ਉਹਨਾਂ ਨੇ ਐਨਆਰਆਈ ਨੂੰ ਵੀ ਕਿਹਾ ਕਿ ਆਪਣੇ ਬੱਚਿਆਂ ਨੂੰ ਹਰ ਸਾਲ ਆਪਣੇ ਵਤਨ ਜਰੂਰ ਲੈ ਕੇ ਆਉ। ਉਹਨਾਂ ਨੂੰ ਆਪਣੇ ਪੰਜਾਬ ਨਾਲ ਮੋਹ ਪੈਦਾ ਹੋਵੇ। ਇਸ ਮੌਕੇ ਉਹਨਾਂ ਨੇ ਕਿੱਕ ਲਗਾਕੇ ਫੁੱਟਬਾਲ ਮੈਚ ਦਾ ਆਰੰਭ ਕਰਵਾਇਆ। ਇਸ ਮੌਕੇ ਉਹਨਾਂ ਦੇ ਨਾਲ ਗੀਤਕਾਰ ਤੇ ਗਾਇਕ ਧਰਮਵੀਰ ਥਾਂਦੀ, ਸ਼ਮਿੰਦਰ ਸਿੰਘ ਗਰਚਾ ਯੂਕੇ, ਸੰਦੀਪ ਸਿੰਘ ਪ੍ਰਧਾਨ ਕਮੇਟੀ, ਸਾਬਕਾ ਪ੍ਰਿਸੀਪਲ ਹਰਜੀਤ ਸਿੰਘ ਮਾਹਲ ਸਕੱਤਰ, ਬਲਵਿੰਦਰ ਸਿੰਘ ਪੀਟਾ, ਬਹਾਦਰ ਸਿੰਘ ਮਾਹਲ, ਦਰਸ਼ਨ ਸਿੰਘ ਮਾਹਲ ਕੈਨੇਡਾ, ਗੁਰਤੇਜ



**ਕੇਹਰ ਫੁੱਟਬਾਲ ਕਲੱਬ ਜਲੰਧਰ ਦੀ ਟੀਮ ਨੂੰ ਸੁੰਦਰ ਟਰਾਫੀ ਤੇ ਨਕਦ ਰਾਸ਼ੀ ਭੇਂਟ ਕਰਦੇ ਹੋਏ ਅਹੁਦੇਦਾਰ ਪ੍ਰਿੰ. ਹਰਜੀਤ ਸਿੰਘ ਮਾਹਲ, ਬਲਵਿੰਦਰ ਸਿੰਘ ਪੀਟਾ, ਸੰਦੀਪ ਸਿੰਘ ਮਾਹਲ, ਬਹਾਦਰ ਸਿੰਘ ਮਾਹਲ, ਖੁਸ਼ਵਿੰਦਰ ਸਿੰਘ ਅਤੇ ਹੋਰ।**

ਸਿੰਘ ਤੇਜੀ, ਤਜਿੰਦਰ ਸਿੰਘ, ਰਘਵੀਰ ਸਿੰਘ, ਸੁਭਾਸ਼ ਕੌਸ਼ਲ ਆਦਿ ਹਾਜਰ ਸਨ। ਇਸ ਮੌਕੇ ਕਮੇਟੀ ਦੇ ਸਕੱਤਰ ਹਰਜੀਤ ਸਿੰਘ ਮਾਹਲ ਨੇ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਪ੍ਰਮੁੱਖ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਇਸ ਫੁੱਟਬਾਲ ਟੂਰਨਾਮੈਂਟ ਵਿੱਚ ਆਲ ਉਪਨ, ਪਿੰਡ ਪੱਧਰ, ਬੀ ਟੀਮਾਂ, ਸੀ ਟੀਮਾਂ ਅੰਡਰ 15 ਦੇ ਮੁਕਾਬਲੇ ਕਰਵਾਏ ਗਏ। ਉਹਨਾਂ ਦੱਸਿਆ ਇਹਨਾਂ ਇਨਾਮਾਂ ਵਿੱਚ ਐਨ ਆਰ ਆਈ ਭਰਾਵਾਂ ਦਾ ਵੱਡਾ ਯੋਗਦਾਨ ਹੈ। ਫਾਈਨਲ ਦੇ ਮੁਕਾਬਲਿਆਂ ਵਿੱਚ ਮਾਹਿਲ ਗਹਿਲਾ ਅਤੇ ਭੌਰਾ ਬੀ ਵਿੱਚੋਂ ਮਾਹਲ ਗਹਿਲਾ ਜੇਤੂ ਰਿਹਾ। ਪਿੰਡ ਪੱਧਰ ਦੇ ਜੀਂਦੋਵਾਲ ਅਤੇ ਪਠਲਾਵਾ ਵਿੱਚੋਂ ਪਨੈਲਟੀ ਕਿੱਕਾਂ ਰਾਹੀਂ ਪਠਲਾਵਾ ਦੀ ਟੀਮ ਜੇਤੂ ਰਹੀ। ਕਲੱਬਾਂ ਦੇ ਕਰਵਾਏ ਮੈਚਾਂ ਵਿੱਚੋਂ ਕੇਹਰ ਫੁੱਟਬਾਲ ਕਲੱਬ ਜਲੰਧਰ ਅਤੇ ਐਲਪੀਯੂ ਕਲੱਬ ਫਗਵਾੜਾ ਵਿਚਕਾਰ ਫਸਵਾਂ ਮੁਕਾਬਲਾ ਹੋਇਆ ਜਿਸ ਵਿੱਚ ਕੇਹਰ ਫੁੱਟਬਾਲ ਕਲੱਬ ਜਲੰਧਰ ਨੇ 1-0 ਨਾਲ ਇਹ ਮੈਚ ਜਿੱਤਕੇ 71 ਹਜਾਰ ਰੁਪਏ ਨਕਦ ਅਤੇ ਸੁੰਦਰ ਟਰਾਫੀ ਤੇ ਕਬਜਾ ਕਰ ਲਿਆ। ਉਪ ਜੇਤੂ ਟੀਮ ਨੂੰ 61 ਹਜਾਰ ਰੁਪਏ ਤੇ ਸੁੰਦਰ ਟਰਾਫੀ ਦਿੱਤੀ ਗਈ। ਦੂਜੀਆਂ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਵੀ ਸੁੰਦਰ ਟਰਾਫੀਆਂ ਅਤੇ ਹਜਾਰਾਂ ਦੇ ਨਕਦ ਇਨਾਮ ਦਿੱਤੇ ਗਏ। ਇਸੇ ਤਰਾਂ ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲਿਆਂ ਨੂੰ ਯਾਦਗਾਰੀ ਚਿੰਨ੍ਹ ਤੇ ਨਕਦ ਰਾਸ਼ੀ ਭੇਂਟ ਕੀਤੀ ਗਈ। ਇਸ ਮੌਕੇ ਸਟੇਜ ਸਕੱਤਰ ਦੀ ਜਿੰਮੇਵਾਰੀ ਵਿੱਕੀ ਮਾਹਲ ਨੇ ਨਿਭਾਈ। ਇਸ ਮੌਕੇ ਹਰ ਰੋਜ ਚਾਹ ਅਤੇ ਗੁਰੂ ਲੰਗਰ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਵਿੰਦਰ ਸਿੰਘ ਰਾਜਾ ਮਾਹਲ, ਸੁਖਦੇਵ ਸਿੰਘ ਮਾਹਲ ਕੈਨੇਡਾ, ਬਹਾਦਰ ਸਿੰਘ ਮਾਹਲ, ਖੁਸ਼ਵਿੰਦਰ ਸਿੰਘ, ਬਲਵੀਰ ਸਿੰਘ ਮੋਰਾਂਵਾਲੀ, ਤਜਿੰਦਰ ਸਿੰਘ ਕਿੰਦਾ ਕੈਨੇਡਾ, ਗੁਰਤੇਜ ਸਿੰਘ ਤੇਜੀ, ਕਮਲ ਮਾਹਲ, ਇਕਬਾਲ ਸਿੰਘ ਰਾਣਾ ਖਾਨਖਾਨਾ, ਗੁਰਦਿਆਲ ਸਿੰਘ ਜਗਤਪੁਰ, ਸਰਬਜੀਤ ਸਰਬਾ ਮੰਗੂਵਾਲ, ਮੱਖਣ ਸਿੰਘ ਹੀਰ, ਸੁੱਚਾ ਸਿੰਘ, ਸੋਹਣ ਸਿੰਘ ਮਾਹਲ, ਮੋਹਣ ਸਿੰਘ ਮਾਹਲ, ਬਲਰਾਜ ਸਿੰਘ ਖੁਸ਼ਵਿੰਦਰ ਸਿੰਘ, ਨਰਿੰਦਰ ਸਿੰਘ, ਪਰਦੀਪ ਸਿੰਘ ਭੱਟੀ, ਰਾਜਵੀਰ ਸਿੰਘ, ਕਮਲਪ੍ਰੀਤ ਸਿੰਘ, ਬਲਦੇਵ ਸਿੰਘ ਮਾਹਲ, ਜਸਵਿੰਦਰ ਸਿੰਘ, ਹਰਨੇਕ ਸਿੰਘ, ਸਨਮੀਤ ਸਿੰਘ ਮਾਹਲ, ਮੱਖਣ ਸਿੰਘ ਹੀਰ, ਸੁੱਚਾ ਸਿੰਘ, ਸੋਹਣ ਸਿੰਘ ਮਾਹਲ, ਮੋਹਣ ਸਿੰਘ ਮਾਹਲ, ਇੰਦਰਜੀਤ ਸਿੰਘ, ਦਵਿੰਦਰ ਸਿੰਘ ਆਦਿ ਹਾਜਰ ਸਨ।

# ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਈ ਜਾ ਰਹੀ ਮੁਹਿੰਮ ਸਾਡੇ ਬਜ਼ੁਰਗ ਸਾਡਾ ਮਾਣ



**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )** ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਲੋਂ ਚਲਾਈ ਜਾ ਰਹੀ ਮੁਹਿੰਮ "ਸਾਡੇ ਬਜ਼ੁਰਗ ਸਾਡਾ ਮਾਣ "ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵਿਸ਼ਵਕਰਮਾ ਮੰਦਰ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕੀਤਾ ਗਿਆ.। ਇਸ ਸਮਾਗਮ ਵਿੱਚ SDM ਨਵਾਂਸ਼ਹਿਰ ਸ਼੍ਰੀਮਤੀ ਅੰਨਮਜਯੋਤ ਕੌਰ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਤੋਂ ਬਿਨਾਂ ਸ੍ਰੀ ਨਰੇਸ਼ ਕੁਮਾਰ ਜੀ,ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ. ਭ. ਸ ਨਗਰ। ਪ੍ਰੋਫੈਸਰ ਸਤੀਸ਼ ਕੁਮਾਰ ਬਰੂਟਾ, ਜਨਰਲ ਸੈਕਟਰੀ। ਸ਼੍ਰੀ ਜੇ. ਡੀ ਵੇਰਨਾ ਪ੍ਰੈਜੀਡੈਂਟ ਸੀਨੀਅਰ ਸਿਟੀਜਨ ਐਸੋਸੀਏਸ਼ਨ ਨਵਾਂਸ਼ਹਿਰ। ਸਰਦਾਰ ਗੁਰਦੇਵ ਸਿੰਘ ਇੰਚਾਰਜ ਬਿਰਧ ਆਸ਼ਰਮ ਕਿਰਪਾਲ ਸਾਗਰ ਰਾਹੋਂ ( ਨਵਾਂਸ਼ਹਿਰ ) ਸਰਦਾਰ ਬਲਵੰਤ ਸਿੰਘ , ਸ੍ਰੀ ਰਾਮ ਲੁਭਾਇਆ ਇੰਚਾਰਜ ਬਿਰਧ ਆਸ਼ਰਮ ਰਾਜਾ ਨਾਭ ਕੰਵਲ ਭਰੋਮਜਾਰਾ। ਸ੍ਰੀ ਸੁਸ਼ੀਲ ਪੁਰੀ ਅਤੇ ਸ੍ਰੀ ਸੁਰਜੀਤ ਕੁਮਾਰ ਸੁਪਰਡੈਂਟ ਗਰੇਡ-2 ਜਿਲ੍ਹਾ ਦਫਤਰ ਨਵਾਂਸ਼ਹਿਰ, ਸਖ਼ਸ਼ੀਅਤਾਂ ਵੀ ਇਸ ਸਮਾਗਮ ਵਿਚ ਸ਼ਾਮਿਲ ਸਨ। ਪ੍ਰਗਤੀ ਕਲਾ ਕੇਂਦਰ ਲਾਂਦੜ੍ਹਾ ਦੀ ਟੀਮ ਵਲੋਂ ਸਮਾਜ ਵਿਚ ਬਜੁਰਗਾਂ ਦੀ ਸਥਿਤੀ ਨੂੰ ਪੇਸ਼ ਕਰਦਾ ਭਾਵਪੂਰਤ ਨਾਟਕ, " ਜ਼ਿੰਦਾ ਬਾਪ ਕੋਈ ਨਾ ਪੂਜੇ " ਅਤੇ ਸਮਾਜਿਕ ਬੋਲੀਆਂ ਦਾ ਮੰਚਨ ਕੀਤਾ ਗਿਆ। ਆਖਿਰ ਵਿਚ ਮੁੱਖ ਮਹਿਮਾਨ SDM ਸਾਹਿਬ ਅਤੇ ਪਤਵੰਤੇ ਸੱਜਣਾ ਵਲੋਂ ਟੀਮ ਨੂੰ ਯਾਦ ਨਿਸ਼ਾਨੀ ਦੇ ਕੇ ਸਨਮਾਨਿਤ ਕੀਤਾ ਗਿਆ।

# ਸਿਹਤ ਵਿਭਾਗ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ ਰੇਣੂ ਮਿੱਤਲ


## ਆਮ ਆਦਮੀ ਕਲੀਨਿਕ, ਔੜ ਵਿਖੇ ਨਵੇਂ ਮੈਡੀਕਲ ਅਫਸਰ ਦੀ ਨਿਯੁਕਤੀ

**ਨਵਾਂਸ਼ਹਿਰ, (ਮਨੋਰੰਜਨ ਕਾਲੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਣੂ ਮਿੱਤਲ ਨੇ ਅੱਜ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਆਮ ਆਦਮੀ ਕਲੀਨਕ, ਔੜ ਦੇ ਨਵੇਂ ਮੈਡੀਕਲ ਅਫਸਰ ਡਾ. ਗਿਰੀਸ਼ ਸ਼ਰਮਾ ਨੂੰ ਇੰਮਪੈਨਲਮੈਂਟ ਪੱਤਰ ਸੌਂਪਿਆ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਣੂ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਹਤ ਵਿਭਾਗ ਆਮ ਲੋਕਾਂ ਨੂੰ ਉੱਚ ਮਿਆਰੀ ਅਤੇ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ, ਜਿੱਥੇ ਮਰੀਜ਼ਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਮੁਫ਼ਤ ਇਲਾਜ ਦੀ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਡਾ. ਮਿੱਤਲ ਨੇ ਡਾ. ਗਿਰੀਸ਼ ਸ਼ਰਮਾ



ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ, ਨਿਸ਼ਠਾ ਅਤੇ ਮਰੀਜ਼-ਮਿੱਤਰ ਭਾਵਨਾ ਨਾਲ ਨਿਭਾਉਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਰੋਜ਼ਾਨਾ ਆਉਣ ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ, ਮੁਫ਼ਤ ਦਵਾਈਆਂ ਅਤੇ ਲੈਬ ਟੈਸਟਾਂ ਦੀ ਸੁਵਿਧਾ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਹੋਰ ਕਿਹਾ ਕਿ ਨਵੇਂ ਮੈਡੀਕਲ ਅਫਸਰ ਦੀ ਤਾਇਨਾਤੀ ਨਾਲ ਇਲਾਕੇ ਦੇ ਲੋਕਾਂ ਨੂੰ ਹੋਰ ਵਧੀਆ ਅਤੇ ਪ੍ਰਭਾਵਸ਼ਾਲੀ ਸਿਹਤ ਸੇਵਾਵਾਂ ਮਿਲਣਗੀਆਂ ਅਤੇ ਸਿਹਤ ਵਿਭਾਗ 'ਤੇ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਹੋਣੀ ਦੀ ਝਪਟ



ਮੌਤ ਮਨੁੱਖ ਨੂੰ ਨੈਣਾਂ ਵਿੱਚੋਂ ,
ਹੰਝੂਆਂ ਵਾਂਗੂੰ ਕੇਰ ਦਿੰਦੀ ਐ ।
ਅੰਬਰੀਂ ਉਡਦੇ ਪੰਛੀ ਨੂੰ ਵੀ ,
ਝੱਟ ਧਰਤੀ 'ਤੇ ਗੇਰ ਦਿੰਦੀ ਐ ।
ਬੰਦਾ ਤਾਂ ਘਰ ਬਾਰ ਦੀ ਖ਼ਾਤਰ ,
ਲੱਖਾਂ ਸਕੀਮਾਂ ਘੜਦਾ ਰਹਿੰਦੈ ;
ਐਪਰ ਕੁਦਰਤ ਸਾਰੀਆਂ 'ਤੇ ਹੀ ,
ਪਲਾਂ 'ਚ ਪਾਣੀ ਫੇਰ ਦਿੰਦੀ ਐ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਵਿਦਿਆ ਦਾ ਧਨ

ਹੋਵੇ ਜਿਸ ਕੋਲ ਵਿਦਿਆ ਦਾ ਧਨ,
ਉਸ ਦਾ ਯਾਰੋ, ਕਦੇ ਨਾ ਭਟਕੇ ਮਨ।
ਵੰਡਦਾ ਜਾਵੇ ਉਹ ਇਸ ਨੂੰ ਜਿਵੇਂ, ਜਿਵੇਂ,
ਇਹ ਵਧਦਾ ਜਾਵੇ ਯਾਰੋ, ਤਿਵੇਂ, ਤਿਵੇਂ।
ਇਸ ਧਨ ਵਾਲਾ ਕਦੇ ਨਾ ਧੋਖਾ ਖਾਵੇ,
ਉਸ ਨੂੰ ਵੇਖ ਹਰ ਕੋਈ ਸੀਸ ਝੁਕਾਵੇ।
ਇਸ ਧਨ ਵਾਲਾ ਹਰ ਦੁੱਖ ਹੱਸ ਕੇ ਸਹੇ,
ਨਿਰਾਸ਼ਾ ਦੀ ਨਦੀ 'ਚ ਉਹ ਕਦੇ ਨਾ ਵਹੇ।
ਇਸ ਧਨ ਵਾਲਾ ਕਦੇ ਨਾ ਭੁੱਖਾ ਮਰੇ,
ਉਹ ਸੁੱਕੇ ਬਾਗਾਂ ਨੂੰ ਵੀ ਹਰੇ ਕਰੇ।
ਇਸ ਧਨ ਵਾਲਾ ਸੱਚੇ ਦਾ ਮਿੱਤਰ,
ਉਹ ਝੂਠੇ ਨੂੰ ਝੱਟ ਛੱਡ ਹੋਵੇ ਤਿੱਤਰ।
ਇਸ ਧਨ ਵਾਲਾ ਕਦੇ ਨਾ ਹਿੰਮਤ ਹਾਰੇ,
ਉਹ ਆਪ ਤਰੇ, ਹੋਰਾਂ ਨੂੰ ਵੀ ਤਾਰੇ।
ਪਰ ਇਹ ਧਨ 'ਮਾਨਾ' ਮਿਲਦਾ ਉਸ ਨੂੰ,
ਇਸ ਨੂੰ ਪਾਣ ਦੀ ਲੱਗ ਜਾਵੇ ਚੇਟਕ ਜਿਸ ਨੂੰ।



**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

# ਬਿੰਦੀ ਅਤੇ ਬੋਲੀ

ਸਿਰਜਕ, ਲੇਖਕ, ਕਵੀ
ਤਾਂ ਓਹੀ ਮੇਰੇ ਮਨ ਨੂੰ ਭਾਵੇ!
ਸਿਨਫ਼ ਲਿਖੇ ਤਾਂ ਫੱਫੇ ਦੇ
ਪੈਰਾਂ ਵਿਚ ਬਿੰਦੀ ਪਾਵੇ!

ਬਿੰਦੀ ਬਾਝੋਂ ਫ਼ਲ ਖਾਂਦੇ ਜੋ
ਹਮਕੋ ਤੁਮਕੋ ਕਰਦੇ
ਮਾਂ ਬੋਲੀ ਦੇ ਪੁੱਤਰ ਤਾਂ
ਬਿੰਦੀਆਂ ਦੀ ਹਾਮੀ ਭਰਦੇ!

"ਮੀਂਹਾਂ ਉੱਤੇ" ਬਿੰਦੀ ਪਾ ਕੇ
ਮੀਂਹ ਪੈਂਦੇ ਨੂੰ ਰੋਕੋ
ਬਿੰਦੀ ਦਾ ਕਿਰਦਾਰ ਨਾ ਮੇਟੋ
ਵੱਡੇ ਸ਼ਾਇਰ ਲੋਕੋ!

ਬਿੰਦੀ ਦੇ ਬਿਨ ਫਿੱਕੇ, ਕੋਝੇ,
ਖ਼ਾਕ ਫ਼ਰੋਜ਼ੀ, ਕਾਲ਼ੇ
ਲਾਹ ਕੇ ਬਿੰਦੀ, ਲਾਹ ਨਾ ਦੇਣਾ
ਮਾਂ ਦੇ ਕੰਨੋਂ ਵਾਲ਼ੇ!

ਬਿੰਦੀ ਬਾਝੋਂ ਕੌਲ਼ਾ, ਰੌਲ਼ਾ,
ਮੌਲ਼ਾ, ਧੌਲ਼ਾ ਕਾਹਦਾ?
ਬਿੰਦੀ ਬਾਝੋਂ ਤੋਲ਼ਾ, ਗੋਲ਼ਾ,
ਖੋਲ਼ਾ, ਭੋਲ਼ਾ ਕਾਹਦਾ?

ਬਿੰਦੀ ਬਾਝੋਂ ਨਾਲ਼ੀ ਸੁੰਗੜ ਕੇ
ਨਾਲੀ ਹੋ ਜਾਵੇ
ਬਿੰਦੀ ਬਾਝੋਂ ਕਾਹਲ਼ੀ ਦੀ
ਕ਼ਿਸਮਤ ਕਾਲ਼ੀ ਹੋ ਜਾਵੇ!

ਬਿੰਦੀ ਬਿਨ ਫ਼ਿਰਦੌਸ ਦਾ ਰੁਤਬਾ
ਰਹਿਣਾ ਨਹੀਂ ਨਵਾਬੀ
ਬਿੰਦੀਆਂ ਤੋਂ ਬਿਨ ਕੋਝੀ ਲੱਗੂ
ਸੋਹਣੀ ਨਾਰ ਪੰਜਾਬੀ!

ਬਿੰਦੀ ਸਾਡੇ ਪੱਥਰ ਲਹਿਜੇ
ਨੂੰ ਵੀ ਕੂਲ਼ਾ ਕਰਦੀ
ਬਿੰਦੀ ਸਾਡੇ ਤਲਖ਼ਪੁਣੇ ਵਿੱਚ
ਸਹਿਣਸ਼ੀਲਤਾ ਭਰਦੀ!

ਸੱਸੇ ਦੇ ਪੈਰਾਂ ਵਿੱਚ ਬਿੰਦੀ
ਬਹਿੰਦੀ ਬਣ ਕੇ ਸ਼ਾਹਣੀ
ਬਿਨ ਬਿੰਦੀ ਤਾਂ ਸ਼ਾਹ ਸੱਸੇ ਦੀ
ਜਾਊ ਬਦਲ ਕਹਾਣੀ!

ਬਿੰਦੀ ਵਿੱਚ ਮਿਠਾਸ ਬੜੀ ਹੈ
ਠੀਕ ਜਗ੍ਹਾ ਜੇ ਲੱਗੇ
ਬਿੰਦੀ ਬਿਨ ਖ਼ਰਬੂਜ਼ਾ ਫਿੱਕਾ
ਸ਼ਲਗਮ ਕੌੜਾ ਲੱਭੇ!

ਬਿੰਦੀ ਬਾਝੋਂ ਹੋ ਜਾਣਾ ਏ
ਹੋਂਦ ਵਿਹੂਣੀ ਗਾਂ ਨੇ
ਬਿੰਦੀ ਬਾਝੋਂ ਸਾੜੂਗੀ ਧੁੱਪ
ਛਾਂ ਨਾ ਦੇਣੀ ਛਾਂ ਨੇ !

ਬਿੰਦੀ ਬਾਝੋਂ ਬੱਦਲ਼ ਲਿਖਣਾ
ਮੈਨੂੰ ਜ਼ਰਾ ਸਿਖਾਓ

ਬਿੰਦੀ ਬਾਝੋਂ ਫੁੱਲ ਸਰ੍ਹੋਂ ਦਾ
ਲਿਖਿਆ ਕਿਤੇ ਵਿਖਾਓ?

ਬਿਨ ਬਿੰਦੀ ਦੇ ਨੀਂਦਰ ਕਾਹਦੀ
ਕਾਹਦਾ ਭਾਂਡਾ ਛੰਨਾ
ਬਿੰਦੀ ਬਾਝੋਂ ਮਨ ਹੀ ਮਨ ਹੈ
ਬਿੰਦੀ ਦੇ ਨਾਲ਼ ਮੰਨਾਂ !

ਗੇਂਦਾ, ਗੇਂਦ ਤੇ ਕੈਂਚੀ, ਕਾਗ਼ਜ਼
ਬਿੰਦੀ ਬਿਨਾਂ ਅਧੂਰੇ
ਬਿੰਦੀ ਬਾਝੋਂ ਕਿਵੇਂ ਕਰੋਗੇ
ਮਾਂ ਦੇ ਘਾਟੇ ਪੂਰੇ!


ਬਿੰਦੀ ਬਾਝੋਂ ਸ਼ਬਦ-ਕੋਸ਼ ਦਾ
ਕਿਵੇਂ ਉਚਾਰਨ ਹੋਊ?
ਕਿੱਦਾਂ ਹੈ ਦਰਵਾਜ਼ਾ ਲਿਖਣਾ?
ਕਿਹੜਾ ਵਿੱਚ ਖਲੋਊ?

ਕਿੱਦਾਂ ਸਫ਼ਰ ਕਰੂਗੀ ਕਵਿਤਾ?
ਬਿਨ ਸ਼ਿੰਗਾਰ ਲਗਾਇਆਂ
ਬਿੰਦੀਆਂ ਵਾਲ਼ਾ ਸ਼ਾਲ ਗੰਵਾ
ਲਿਆ
ਜੇਕਰ ਮਾਂ ਦੇ ਜਾਇਆਂ!

ਵਿਰਸੇ ਦੇ ਵਿੱਚ ਕੁਝ ਨਹੀਂ
ਰਹਿਣਾ
ਵਰਤ ਗਿਆ ਜੇ ਭਾਣਾ
ਰੁਲ਼ ਜਾਊਗੀ ਮਾਂ...
ਜੇ ਬੁੱਧੀਹੀਣ ਹੋ ਗਿਆ ਲਾਣਾ!

ਭਾਸ਼ਾ ਦੇ ਵਿਦਵਾਨੋ ! ਪਹਿਲਾਂ
ਇਸਦੀ ਲਾਜ ਬਚਾਓ
ਮਾਂ ਬੋਲੀ ਦੇ ਸਿਰ 'ਤੋਂ
ਏਡਾ ਸੋਹਣਾ ਤਾਜ ਨਾ ਲਾਹੋ!



**ਰਿਤੂ ਵਾਸੂਦੇਵ**

# ਪੁੱਤ ਪੰਜਾਬੀ

ਛੱਡ ਕੇ ਕਦੇ ਮੈਦਾਨ ਨਾਂ ਨੱਸਣ
ਦੁੱਖ ਤਕਲੀਫਾਂ ਦੇ ਵਿੱਚ ਹੱਸਣ
ਇੰਝ ਲਗਦਾ ਇਹ ਜੰਮੇ ਆ,ਪਿੰਡੇ ਦਰਦ ਹਢਾਉਣ ਨੂੰ
ਪੁੱਤ ਪੰਜਾਬੀ ,,,,,,,
ਪੁੱਤ ਪੰਜਾਬੀ ਜੰਮਦੀਆਂ ਮਾਵਾਂ ਚੜਦੀ ਕਲਾ ਬਲਾਉਣ ਨੂੰ,,,,,,,,,,
ਹਾਂ,,,,,,, ਪੁੱਤ ਪੰਜਾਬੀ
ਝੋਕ ਦਿੰਦੇ ਨੇ ਸਭ ਕੁੱਝ ਆਪਣਾ,
ਨਹੀਂ ਕੋਈ ਇਨ੍ਹਾਂ ਦਾ ਸਾਨੀ
ਆ ਜਾਣ ਭਾਵੇਂ ਭੂਚਾਲ ਦੋਸਤੋ,
ਭਾਵੇਂ ਹੋਵੇ ਸੁਨਾਮੀ,
ਲਾਇਆ ਹੋਇਆ ਜ਼ੋਰ ਕਈਆ ਨੇ
ਜਾਤਾਂ ਪਾਤਾਂ ਤੇ ਲੜਾਉਣ ਨੂੰ
ਪੁੱਤ ਪੰਜਾਬੀ,,,,,
ਪੁੱਤ ਪੰਜਾਬੀ ਜੰਮਦੀਆਂ ਮਾਵਾਂ ਚੜਦੀ ਕਲਾ ਬਲਾਉਣ ਨੂੰ,,,,
ਹਾਂ,,,, ਪੁੱਤ ਪੰਜਾਬੀ,,,
ਫ਼ਿਕਰ ਪੈ ਜਾਂਦਾ ਸਭ ਤੋਂ ਪਹਿਲਾਂ
ਜੇ ਕੋਈ ਹੋਵੇ ਡੁੱਬਿਆ
ਦੇਖ ਲਿਉ ਤੁਸੀਂ ਆਪੇ ਸਾਰੇ,ਮਿਲੂ
ਹਰ ਇੱਕ ਸੇਵਾ ਵਿਚ ਰੁੱਝਿਆ
ਹਰ ਬੰਦੇ ਨੂੰ ਆਪਣਾ ਸਮਝਣ,ਸਭ
ਦਾ ਦੁੱਖ ਵੰਡਾਉਣ ਨੂੰ
ਪੁੱਤ ਪੰਜਾਬੀ ,,,,
ਪੁੱਤ ਪੰਜਾਬੀ ਜੰਮਦੀਆਂ ਮਾਵਾਂ ਚੜਦੀ ਕਲਾ ਬਲਾਉਣ ਨੂੰ
ਹਾਂ,,,,,, ਪੁੱਤ ਪੰਜਾਬੀ
ਗੁਰਮੀਤ ਡੁਮਾਣੇ ਵਾਲਿਆ ਨਈ
ਏ ਕੰਮ ਕਰਦੇ ਕੋਈ ਫਰਜ਼ੀ,,,
ਲੋਕ ਦਿਖਾਵਾ ਨਹੀਂ ਹੁੰਦਾ ਦਿਲੋਂ
ਹਰ ਇੱਕ ਨਾ ਹਮਦਰਦੀ
ਫਿਰਦੇ ਆ ਕਈ ਠੱਗ ਬਥੇਰੇ ਅੱਗ
ਪੰਜਾਬ ਚ ਲਾਉਣ ਨੂੰ
ਪੁੱਤ ਪੰਜਾਬੀ,,,
ਪੁੱਤ ਪੰਜਾਬੀ ਜੰਮਦੀਆਂ ਮਾਵਾਂ ਚੜਦੀ ਕਲਾ ਬਲਾਉਣ ਨੂੰ,,,
ਹਾਂ,,,,,,, ਪੁੱਤ ਪੰਜਾਬੀ



**ਗੁਰਮੀਤ ਡੁਮਾਣਾ**
**ਪਿੰਡ -ਲੋਹੀਆਂ ਖਾਸ**
**(ਜਲੰਧਰ)**
**ਸੰਪਰਕ -76528 16074**



# ਅਣਪਛਾਤੇ ਲੁਟੇਰੇ ਮੋਬਾਈਲ ਫੋਨ ਸੁਣ ਰਹੀ ਔਰਤ ਤੋਂ ਮੋਬਾਈਲ ਖੋਹ ਕੇ ਫ਼ਰਾਰ

## ਇਲਾਕੇ ਭਰ 'ਚ ਲੁਟੇਰਿਆਂ ਵਲੋਂ ਸ਼ਰੇਆਮ ਦਿੱਤਾ ਜਾ ਰਿਹੈ ਹੈ ਵਾਰਦਾਤਾਂ ਨੂੰ ਅੰਜ਼ਾਮ

**ਫਿਲੌਰ/ਅੱਪਰਾ, (ਦੀਪਾ)–** ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਆਏ ਦਿਨ ਚੋਰ ਤੇ ਲੁਟੇਰੇ ਬੇਖ਼ੌਫ਼ ਹੋ ਕੇ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ, ਜਿਸ ਕਾਰਣ ਇਲਾਕਾ ਵਾਸੀਆਂ 'ਚ ਦਹਿਸ਼ਤ ਦਾ ਮਾਹੌਲ ਹੈ । ਬੀਤੇ ਦਿਨ ਵੀ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਤੋਂ ਫਿਲੌਰ ਮੁੱਖ ਮਾਰਗ 'ਤੇ ਪਿੰਡ ਨਗਰ ਦੇ ਝੰਡੀਪੀਰ ਮੋੜ ਦੇ ਨਜ਼ਦੀਕ ਦੋ ਅਣਪਛਾਤੇ ਲੁਟੇਰੇ ਇੱਕ ਔਰਤ ਤੋਂ ਮੋਬਾਈਲ ਫੋਨ ਖੋਹ ਕੇ ਫ਼ਰਾਰ ਹੋ ਗਏ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜਵਿੰਦਰ ਕੌਰ



ਪਤਨੀ ਸ਼ੀਤਲ ਕੁਮਾਰ ਵਾਸੀ ਪਿੰਡ ਭਾਰਟਾ ਖੁਰਦ ਨੇ ਦੱਸਿਆ ਕਿ ਮੇਰਾ ਪੇਕਾ ਪਿੰਡ ਖਾਨਪੁਰ ਨੇੜੇ ਅੱਪਰਾ ਹੈ । ਬੀਤੇ ਦਿਨ ਦੁਪਿਹਰ ਲਗਭਗ 1-30 ਵਜੇ ਮੈਂ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਪੇਕੇ ਪਿੰਡ ਖਾਨਪੁਰ ਨੂੰ ਆ ਰਹੀ ਸੀ, ਇਸ ਦੌਰਾਨ ਮੇਰੇ ਫੋਨ 'ਤੇ ਕਾਲ ਆ ਜਾਂਦੀ ਹੈ ਤੇ ਮੈਂ ਆਪਣੀ ਸਕੂਟਰੀ ਸਾਈਡ 'ਤੇ ਰੋਕ ਕੇ ਕਾਲ ਸੁਨਣ ਲੱਗ ਪੈਂਦੀ ਹਾਂ । ਇਸੇ ਦੌਰਾਨ ਹੀ ਪਿੱਛਿਓਂ ਆ ਰਹੇ ਦੋ ਮੋਟਰਸਾਈਕਲ ਸਵਾਰ ਲੁਟੇਰੇ ਮੇਰੇ ਹੱਥੋਂ ਮੋਬਾਈਲ ਫੋਨ ਖੋਹ ਕੇ ਲੁਧਿਆਣਾ ਸਾਈਡ ਫ਼ਰਾਰ ਹੋ ਗਏ । ਘਟਨਾ ਸੰਬੰਧੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ।

# ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਵੱਡੇ ਉਪਰਾਲੇ: ਚੇਅਰਮੈਨ ਜਸਵੀਰ ਸਿੰਘ ਗੜੀ

●ਵਿਧਾਇਕ ਸੰਤੋਸ਼ ਕਟਾਰੀਆ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ ●ਫਾਈਨਲ ਮੈਚ ਬਲਾਚੌਰ ਸ਼ਹਿਰ ਅਤੇ ਪਿੰਡ ਗੜੀ ਕਾਨੂੰਗੋ ਦੀਆਂ ਟੀਮ ਦਰਮਿਆਨ ਖੇਡਿਆ ਗਿਆ



**ਨਵਾਂਸ਼ਹਿਰ, (ਮਨੋਰੰਜਨ ਕਾਲੀਆ)** ਬ੍ਰਹਮਚਾਰੀ ਸਪੋਰਟਸ ਐਂਡ ਵੈਲਫੇਅਰ ਯੂਥ ਕਲੱਬ ਵੱਲੋਂ ਬੀ.ਏ.ਵੀ. ਗਰਾਊਂਡ ਬਲਾਚੌਰ ਵਿਖੇ ਕਰਵਾਏ ਜਾ ਰਹੇ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਅੱਜ ਬਲਾਚੌਰ ਸ਼ਹਿਰ ਅਤੇ ਪਿੰਡ ਗੜੀ ਕਾਨੂੰਗੋ ਦੀਆਂ ਟੀਮਾਂ ਦੌਰਾਨ ਖੇਡਿਆ ਗਿਆ। ਫੁੱਟਬਾਲ ਦੇ ਫਾਈਨਲ ਮੈਚ ਦੀ ਸ਼ੁਰੂਆਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜੀ ਅਤੇ ਵਿਧਾਇਕ ਹਲਕਾ ਬਲਾਚੌਰ ਸ਼੍ਰੀਮਤੀ ਸੰਤੋਸ਼ ਕਟਾਰੀਆ ਵੱਲੋਂ ਕੀਤੀ। ਇਸ ਮੌਕੇ ‘ਤੇ ਬਲਾਚੌਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ, ਧਰਮਿੰਦਰ ਤ੍ਰਿਪਾਠੀ ਐਮ.ਸੀ, ਧਰਮਿੰਦਰ ਮੇਨਕਾ ਐਮ.ਸੀ,ਜਸਵਿੰਦਰ ਸਿਆਣਾ, ਐਸ.ਸੀ ਵਿੰਗ ਦੇ ਤਹਿਸੀਲ ਪ੍ਰਧਾਨ ਕੁਲਦੀਪ ਸਿੰਘ, ਅਜੇ ਕੁਮਾਰ ਐਮ.ਸੀ., ਰਾਧੇ ਸ਼ਾਮ ਐਮ.ਸੀ, ਡਾ. ਸੁਨਿਤਾ ਸ਼ਰਮਾ, ਡਾ. ਭੁਪਿੰਦਰ ਜੀਤ ਸਿੰਘ ਸੂਰੀ, ਸਤਨਾਮ ਸਿੰਘ ਐਨ.ਆਰ.ਆਈ, ਸੁਖਵੀਰ ਕੌਰ ਤਹਿਸੀਲਦਾਰ ਬਲਾਚੌਰ ਆਦਿ ਹਾਜ਼ਰ ਸਨ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜੀ ਨੇ ਕਿਹਾ ਕਿ ਪੰਜਾਬ ਵਿਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹ-ਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਬੱਚਿਆਂ ਦੇ ਭਵਿੱਖ ਅਤੇ ਉਨ੍ਹਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਪਿੰਡ-ਪਿੰਡ ਸਟੇਡੀਅਮ ਬਣਾਉਣ ਦੀ ਯੋਜਨਾ ਉਲੀਕੀ ਹੈ। ਉਨ੍ਹਾਂ ਨੇ ਪਿੰਡ ਗੜੀ ਕਾਨੂੰਗੋ ਦੀ ਟੀਮ ਨੂੰ 5100 ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਿਹੜੀ ਜੇਤੂ ਟੀਮ ਗੋਲ ਕਰੇਗੀ ਉਸ ਨੂੰ ਵੀ 5100 ਰੁਪਏ ਇਨਾਮ ਰਾਸ਼ੀ ਦਿੱਤੀ ਜਾਵੇਗੀ। ਇਸ ਮੌਕੇ ‘ਤੇ ਵਿਧਾਇਕ ਹਲਕਾ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਨੌਜਵਾਨਾਂ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੂਰੇ ਪੰਜਾਬ ਵਿਚ ਲਗਭਗ 3300 ਦੇ ਕਰੀਬ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਵੱਲੋਂ ਖੇਡ ਮੈਦਾਨ ਲਈ 10 ਲੱਖ ਰੁਪਏ ਦੇਣ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਜਲਦ ਪੂਰਾ ਕਰਕੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੂਚੀ ਲੈਣ।

# ਉੱਦਮੀ ਮਹਿਲਾਵਾਂ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਕੀਤਾ ਜਾਵੇਗਾ ਸਨਮਾਨਿਤ : ਵਧੀਕ ਡਿਪਟੀ ਕਮਿਸ਼ਨਰ (ਵਿਕਾਸ)

## ਬੀ.ਡੀ.ਪੀ.ਓਜ਼ ਅਤੇ ਐਸ.ਡੀ.ਐਮ. ਦਫ਼ਤਰਾਂ ਤੋਂ ਲਏ ਜਾ ਸਕਦੈ ਅਪਲਾਈ ਫਾਰਮ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉੱਦਮੀ ਮਹਿਲਾਵਾਂ ਨੂੰ ਉਤਸ਼ਾਹਿਤ ਕਰਨ ਲਈ ਪੀ.ਐਸ.ਆਰ.ਐਲ.ਐਮ ਵੱਲੋਂ ਰਾਜ ਪੱਧਰ ’ਤੇ 8 ਮਾਰਚ 2026 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਨਮਾਨਿਤ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਨੂੰ ਰਾਜ ਪੱਧਰ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਅਤੇ ਬਲਾਕ/ਹਲਕਾ ਪੱਧਰ ‘ਤੇ ਵੀ ਕਰਵਾਇਆ ਜਾਣਾ ਹੈ ਤੇ ਜ਼ਿਲ੍ਹੇ ਦੇ ਹਰ ਬਲਾਕ/ਹਲਕੇ ਵਿੱਚ 100 ਉੱਦਮੀ ਮਹਿਲਾਵਾਂ ਦਾ ਸਨਮਾਨ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਯੋਗਤਾ, ਮਾਪਦੰਡ ਅਤੇ ਐਪਲੀਕੇਸ਼ਨ ਫਾਰਮ ਆਦਿ ਸਬੰਧੀ ਜਾਣਕਾਰੀ ਬੀ.ਡੀ.ਪੀ.ਓ ਦਫਤਰ (ਪੇਂਡੂ ਖੇਤਰਾਂ ਲਈ) ਅਤੇ ਉਪ ਮੰਡਲ ਮੈਜਿਸਟਰੇਟ ਦਫਤਰ (ਸ਼ਹਿਰੀ



ਖੇਤਰਾਂ ਲਈ) ਤੋਂ ਲੈ ਕੇ ਅਪਲਾਈ ਕੀਤਾ ਜਾ ਸਕਦਾ ਹੈ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਇਸ ਸਬੰਧੀ ਸਿਲੈਕਸ਼ਨ ਲਈ ਬਿਜ਼ਨਸ ਕੈਟਾਗਰੀਆਂ ਖੇਤ ਤੋਂ ਰਸੋਈ, ਸੇਵਾ ਤੋਂ ਸਵੈ-ਨਿਰਭਰਤਾ - ਸੇਵਾ ਖੇਤਰ ਦੇ ਉੱਦਮੀ, ਡਿਜੀਟਲ ਭੈਣਾਂ - ਤਕਨੀਕੀ-ਯੋਗ ਅਤੇ ਆਨਲਾਈਨ ਵਪਾਰ ਕਾਰੋਬਾਰ, ਹਰੇ ਯੋਧੇ - ਵਾਤਾਵਰਣ ਅਨੁਕੂਲ, ਟਿਕਾਊ ਅਤੇ ਰੀਸਾਈਕਲਿੰਗ ਉੱਦਮੀ, ਪਹਿਲੀ ਪਛਾਣ ਔਰਤਾਂ - ਨੌਜਵਾਨ, ਸਵੈ-ਸਹਾਇਤਾ ਸਮੂਹ ਅਤੇ ਪਹਿਲੀ ਪੀੜ੍ਹੀ ਦੇ ਉੱਦਮੀ, ਨੌਕਰੀ ਸਿਰਜਣਹਾਰ - ਮਹਿਲਾ ਉਤਪਤੀ ਰੁਜ਼ਗਾਰ, ਕਲਾ ਸਿਰ-ਜਣਹਾਰ - ਕਲਾ, ਸ਼ਿਲਪਕਾਰੀ, ਡਿਜ਼ਾਈਨ ਅਤੇ ਹੱਥ ਨਾਲ ਬਣੇ ਉੱਦਮ, ਸਿਹਤ ਅਤੇ ਤੰਦਰੁਸਤੀ ਉੱਦਮੀ- ਦੇਖਭਾਲ, ਤੰਦਰੁਸਤੀ, ਪੋਸ਼ਣ, ਥੈਰੇਪੀ, ਸਿੱਖਿਆ ਅਤੇ ਸਿਖਲਾਈ ਉੱਦਮੀ - ਸਿੱਖਿਆ ਅਤੇ ਸਿਖਲਾਈ ਉੱਦਮੀ, ਸਮਾਜਿਕ ਪ੍ਰਭਾਵ ਚੈਂਪੀਅਨ - ਭਾਈਚਾਰੇ-ਸੰਚਾਲਿਤ ਅਤੇ ਉਦੇਸ਼-ਅਗਵਾਈ ਵਾਲੇ ਉੱਦਮ ਅਤੇ ਕੁੱਲ ਸ਼੍ਰੇਣੀ "30 ਤੋਂ ਘੱਟ 30" ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਲਾਕ/ਹਲਕਾ ਪੱਧਰ ਤੇ ਚੁਣੀਆਂ ਮਹਿਲਾਵਾਂ ਵਿੱਚੋਂ 100 ਮਹਿਲਾਵਾਂ ਦਾ ਜ਼ਿਲ੍ਹਾ ਪੱਧਰ ‘ਤੇ ਸਨਮਾਨ ਕੀਤਾ ਜਾਣਾ ਹੈ ਅਤੇ ਜ਼ਿਲ੍ਹਾ ਪੱਧਰ ‘ਤੇ ਚੁਣੀਆਂ ਗਈਆਂ ਮਹਿਲਾਵਾਂ ਵਿੱਚੋਂ 20 ਉੱਦਮੀ ਮਹਿਲਾਵਾਂ ਦਾ ਸਨਮਾਨ ਰਾਜ ਪੱਧਰ ‘ਤੇ ਕੀਤਾ ਜਾਣਾ ਹੈ।




## ਮੁਨੀਸ਼ ਜੈਨ ਐਸਐਸ ਜੈਨ ਸਭਾ ਨਵਾਂਸ਼ਹਿਰ ਦੇ ਪ੍ਰਧਾਨ ਬਣਨ 'ਤੇ, ਮੁਨੀਸ਼ ਜੈਨ ਨੇ ਮਹਾਸਾਧਵੀ ਸ਼੍ਰੀ ਸਰਿਤਾ ਜੀ.ਮਹਾਸਾਧਵੀ ਸ਼੍ਰੀ ਮਨੀਸ਼ਾ ਜੀ.ਅਤੇ ਹੋਰ ਸਾਧਵੀਆਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ



**ਨਵਾਂਸ਼ਹਿਰ (ਮਨੋਰੰਜਨ ਕਾਲੀਆ )** ਐਸਐਸ ਜੈਨ ਸਭਾ, ਨਵਾਂਸ਼ਹਿਰ ਦੀ ਜਨਰਲ ਬਾਡੀ ਦੀ ਇੱਕ ਮੀਟਿੰਗ ਰੇਲਵੇ ਰੋਡ 'ਤੇ ਸਥਿਤ ਸ਼੍ਰਮਣ ਜੈਨ ਹਾਲ ਵਿਖੇ ਸ਼੍ਰੀ ਅਸ਼ੋਕ ਜੈਨ ਦੀ ਪ੍ਰਧਾਨਗੀ ਹੇਠ ਹੋਈ । ਚੋਣ ਅਧਿਕਾਰੀ ਸ਼੍ਰੀ ਸ਼ੀਤਲ ਕੁਮਾਰ ਜੈਨ ਦੁਆਰਾ ਨਵੇਂ ਪ੍ਰਧਾਨ ਦੀ ਚੋਣ ਦੇ ਐਲਾਨ 'ਤੇ, ਐਸਐਸ ਜੈਨ ਸਭਾ, ਨਵਾਂਸ਼ਹਿਰ ਦੇ ਸਾਬਕਾ ਉਪ ਪ੍ਰਧਾਨ ਰਜਨੀਸ਼ ਜੈਨ ਨੇ ਸ਼੍ਰੀ ਮੁਨੀਸ਼ ਜੈਨ ਪੁੱਤਰ ਸੁਰੇਂਦਰ ਜੈਨ ਦਾ ਨਾਮ ਪ੍ਰਧਾਨ ਦੇ ਅਹੁਦੇ ਲਈ ਪ੍ਰਸਤਾਵਿਤ ਕੀਤਾ । ਇਸ ਦੀ ਤਾਈਦ ਨੇਮ ਕੁਮਾਰ ਜੈਨ, ਅਸ਼ੋਕ ਜੈਨ ਅਤੇ ਰਾਕੇਸ਼ ਜੈਨ ਪੱਪਾ ਨੇ ਕੀਤੀ । ਇਸ ਤੋਂ ਬਾਅਦ ਸ਼੍ਰੀ ਮੁਨੀਸ਼ ਜੈਨ ਨੂੰ ਸਰਬਸੰਮਤੀ ਨਾਲ ਐਸਐਸ ਜੈਨ ਸਭਾ ਨਵਾਂਸ਼ਹਿਰ ਦਾ ਪ੍ਰਧਾਨ ਚੁਣਿਆ ਗਿਆ । ਸਾਰੇ ਮੈਂਬਰਾਂ ਨੇ ਸ਼੍ਰੀ ਮੁਨੀਸ਼ ਜੈਨ ਨੂੰ ਹਾਰ ਪਹਿਨਾਏ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ । ਇਸ ਮੌਕੇ ਨਵ-ਨਿਯੁਕਤ ਪ੍ਰਧਾਨ, ਸ਼੍ਰੀ ਮੁਨੀਸ਼ ਜੈਨ ਨੇ ਸਾਰੇ ਮੈਂਬਰਾਂ ਦਾ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ । ਉਨ੍ਹਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਜੈਨ ਭਾਈਚਾਰੇ ਦੇ ਉਥਾਨ ਲਈ ਸਾਰਿਆਂ ਨਾਲ ਮਿਲ ਕੇ ਕੰਮ ਕਰਨਗੇ । ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਐਸਐਸ ਜੈਨ ਸਭਾ ਨਵਾਂਸ਼ਹਿਰ ਦੇ ਜਨਰਲ ਸਕੱਤਰ, ਰਤਨ ਕੁਮਾਰ ਜੈਨ, ਨੇ ਪਿਛਲੇ ਦੋ ਸਾਲਾਂ ਵਿੱਚ ਜੈਨ ਸਭਾ ਦੇ ਧਾਰਮਿਕ ਅਤੇ ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੱਤੀ । ਜੈਨ ਸਭਾ ਦੇ ਖਜ਼ਾਨਚੀ, ਰਾਕੇਸ਼ ਜੈਨ ਬੱਬੀ, ਅਤੇ ਡਿਸਪੈਂਸਰੀ ਦੇ ਚੇਅਰਮੈਨ, ਲਲਿਤ ਜੈਨ, ਨੇ ਆਪਣੇ ਕਾਰਜਕਾਲ ਦਾ ਬਿਓਰਾ ਦਿੱਤਾ । ਜੈਨ ਸਭਾ ਦੇ ਉਪ ਪ੍ਰਧਾਨ, ਰਜਨੀਸ਼ ਜੈਨ ਗੁੱਗੂ, ਅਸ਼ੋਕ ਜੈਨ, ਅਤੇ ਜਨਰਲ ਸਕੱਤਰ, ਰਤਨ ਕੁਮਾਰ ਜੈਨ, ਨੇ ਸਾਰੇ ਮੈਂਬਰਾਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ, ਅਤੇ ਪੂਰੇ ਪਿਛਲੇ ਮੰਤਰੀ ਮੰਡਲ ਨੇ ਅਸਤੀਫਾ ਦੇ ਦਿੱਤਾ ।

ਮੀਟਿੰਗ ਦੇ ਅੰਤ ਵਿੱਚ ਰਿਫਰੈਸ਼ਮੈਂਟ ਪਰੋਸੀ ਗਈ । ਇਸ ਮੌਕੇ ਜੈਨ ਸਮਾਜ ਦੇ ਹੋਰ ਮੈਂਬਰਾਂ ਨੇਮ ਕੁਮਾਰ ਜੈਨ, ਅਨਿਲ ਜੈਨ, ਸੰਜੀਵ ਜੈਨ, ਲਲਿਤ ਜੈਨ, ਰਾਕੇਸ਼ ਜੈਨ ਬੱਬੀ, ਨੀਲੇਸ਼ ਜੈਨ, ਮਨੀਸ਼ ਜੈਨ, ਅਸ਼ੋਕ ਜੈਨ, ਸੁਦਰਸ਼ਨ ਜੈਨ, ਸੁਨੀਸ਼ ਜੈਨ, ਸ਼ੀਤਲ ਜੈਨ, ਚੰਦਰ ਮੋਹਨ ਜੈਨ, ਨੀਤੀ ਜੈਨ, ਦਰਸ਼ਨ ਜੈਨ, ਦਿਨੇਸ਼ ਜੈਨ ਜੈਨ, ਮੋਨੀਸ਼ ਜੈਨ, ਰਾਕੇਸ਼ ਜੈਨ, ਰਾਕੇਸ਼ ਜੈਨ ਆਦਿ ਹਾਜ਼ਰ ਸਨ । ਮਨੋਜ ਜੈਨ, ਰਾਜੇਸ਼ ਜੈਨ, ਅਤੁਲ ਜੈਨ, ਰਜਤ ਜੈਨ, ਰੋਹਿਤ ਜੈਨ, ਪਦਮ ਜੈਨ, ਘਨਸ਼ਿਆਮ ਜੈਨ, ਗੌਤਮ ਜੈਨ, ਸੁਰਿੰਦਰ ਜੈਨ ਆਦਿ ਸ਼ਾਮਲ ਸਨ ।

## ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਦੀਆਂ ਸੰਸਥਾਵਾਂ ਵਿਚ ਸ਼ਾਨਦਾਰ ਕੰਮ ਕਰਨ ਵਾਲੇ 10 ਸੇਵਾਕਰਮੀ ਸਾਲਾਨਾ ਸੇਵਾ ਉੱਤਮਤਾ ਅਵਾਰਡ ਨਾਲ ਸਨਮਾਨਿਤ



**ਸਨਮਾਨਿਤ ਸੇਵਾ ਕਰਮੀਆਂ ਦੀ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ, ਟਰੱਸਟ ਅਹੁਦੇਦਾਰਾਂ, ਮੈਂਬਰਾਂ ਨਾਲ ਯਾਦਗਾਰੀ ਤਸਵੀਰ**

**ਨਵਾਂਸ਼ਹਿਰ /ਬੰਗਾ (ਜਤਿੰਦਰਪਾਲ ਸਿੰਘ )** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੀ ਵੱਖ ਵੱਖ ਸੰਸਥਾਵਾਂ ਵਿਚ ਸ਼ਾਨਦਾਰ ਕੰਮ ਕਰਨ ਵਾਲੇ 10 ਸੇਵਾਕਰਮੀਆਂ ਨੂੰ ਸਾਲਾਨਾ ਸੇਵਾ ਉੱਤਮਤਾ ਐਵਾਰਡ 2025-26 ਨਾਲ ਸਨਮਾਨਿਤ ਕੀਤਾ ਗਿਆ । ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿਹੜੇ ਵਿਚ ਹੋਏ ਇਸ ਸਮਾਗਮ ਵਿਚ ਪ੍ਰੇਮ ਪ੍ਰਕਾਸ਼ ਸਿੰਘ (ਸੀਨੀਅਰ ਅਕਾਊਟੈਂਟ), ਸਰਬਜੀਤ ਕੌਰ (ਕੰਪਿਊਟਰ ਅਧਿਆਪਕ), ਸੋਨੀਆ ਸਿੰਘ (ਇੰਚਾਰਜ ਆਈ.ਸੀ.ਯੂ.), ਡਾ. ਦੀਪਕ ਦੁੱਗਲ (ਐਨਸਥੀਸੀਆ ਮਾਹਿਰ), ਜਗਦੀਸ਼ ਕੌਰ (ਸਫਾਈ ਸੇਵਕ), ਰਾਮ ਦੇਵ (ਮਾਲੀ), ਮਨੀਸ਼ਾ (ਸਾਂਇੰਸ ਅਧਿਆਪਕਾ), ਹਰਦੀਪ ਪਾਲ (ਸੁਰੱਖਿਆ ਗਾਰਡ), ਮਨਜੀਤ ਸਿੰਘ (ਇੰਚਾਰਜ ਬਲੱਡ ਸੈਂਟਰ) ਅਤੇ ਹਰਜੀਤ ਸਿੰਘ (ਸਕੂਲ ਬੱਸ ਡਰਾਈਵਰ) ਦਾ ਸਨਮਾਨ ਹੋਇਆ । ਇਹਨਾਂ ਸੇਵਾਕਰਮੀਆਂ ਨੂੰ ਸਨਮਾਨ ਵਿਚ ਪ੍ਰਸੰਸਾ ਪੱਤਰ, ਕੀਮਤੀ ਗੁੱਟ ਘੜੀ ਭੇਟ ਕਰਕੇ ਅਤੇ ਕਾਲਰ ਪਿੰਨ ਲਗਾ ਕੇ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਸਾਧੜਾ ਨੇ ਆਪਣੇ ਕਰ ਕਮਲਾਂ ਸਨਮਾਨਿਤ ਕੀਤਾ । ਇਸ ਮੌਕੇ ਸਾਲ 1983 ਤੋਂ ਨਿਰੰਤਰ ਸੇਵਾਵਾਂ ਕਰਨ ਹਿੱਤ ਟਰੱਸਟ ਮੈਂਬਰ ਨਰਿੰਦਰ ਸਿੰਘ ਸ਼ੇਰਗਿੱਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਕਿਹਾ ਕਿ ਸੰਸਥਾਵਾਂ ਦੀ ਕਾਮਯਾਬੀ ਵਿੱਚ ਇਹਨਾਂ ਸਨਮਾਨਿਤ ਸੇਵਾਕਰਮੀਆਂ ਅਤੇ ਟਰੱਸਟ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਹੈ । ਟਰੱਸਟ ਦੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਵੱਲੋਂ ਸਨਮਾਨਿਤ ਸੇਵਾਕਰਮੀਆਂ ਨੂੰ ਵਧਾਈਆਂ ਦਿੰਦੇ ਹੋਏ ਸੰਸਥਾਵਾਂ ਨੂੰ ਬੁਲੰਦੀਆਂ 'ਤੇ ਪੁੰਹਚਾਉਣ ਲਈ ਉਹਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ । ਸਮਾਗਮ ਵਿਚ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ । ਸਮਾਗਮ ਵਿਚ ਗੁਰੂ ਨਾਨਕ ਕਾਲਜ ਆਫ ਨਰਸਿੰਗ ਅਤੇ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਦੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੇ ਸਰੋਤਿਆਂ ਦਾ ਮਨ ਮੋਹ ਲਿਆ । ਇਸ ਮੌਕੇ ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸੀਤਲ ਸਿੰਘ ਸਿੱਧੂ ਟਰੱਸਟ ਮੈਂਬਰ, ਨਰਿੰਦਰ ਸਿੰਘ ਸ਼ੇਰਗਿੱਲ ਟਰੱਸਟ ਮੈਂਬਰ, ਹਰਿੰਦਰ ਕੌਰ ਕੈਨੇਡਾ, ਮਨਵੀਰ ਕੌਰ ਕੈਨੇਡਾ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਤੋਂ ਇਲਾਵਾ ਸਮੂਹ ਸਟਾਫ ਅਤੇ ਨਰਸਿੰਗ ਤੇ ਪੈਰਾ ਮੈਡੀਕਲ ਵਿਦਿਆਰਥੀ ਵੀ ਹਾਜ਼ਰ ਸਨ ।

for more news visit: www.samajweekly.com

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.


MANJEET SINGH KHANBA
Award Winner 1999, 2001 & 2005
(2 Awards) BSYA

ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), (Sciatica), ਬਦਹਜ਼ਮੀ (Indigestion), (Heart Burning), ਕਬਜ਼ੀ (Constipation), ਬਵਾਸੀਰ (Piles), (Haemorrhoids), ਅਫ਼ਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਮੁਟਾਪਾ (Obesity), (Migraine), ਵਾਲਾਂ ਦਾ ਝੜਨਾ (Hair Falling), (Alopecia), ਚੇਹਰੇ ਤੇ ਕਿੱਲ (Acne), ਛਿਆਈਆਂ (Pigmentation), (Bleeding Gums & Pyorrhoea), (Tinnitis), ਚੱਕਰ (Vertigo), ਖ਼ੂਨ ਦੀ ਕਮੀ (Anaemia), (Neuralgia), ਮਾਨਸਿਕ ਨਿਰਾਸ਼ਤਾ ਅਤੇ ਉਦਾਸੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ... ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... -------- 1 ਮਹੀਨੇ ਦੀ ਕੀਮਤ £35
5) ... -------- 1 ਮਹੀਨੇ ਦੀ ਕੀਮਤ £35
6) ... -------- 1 ਮਹੀਨੇ ਦੀ ਕੀਮਤ £30
7) ... ਨੁਸਖਾ- -------- 1 ਮਹੀਨੇ ਦੀ ਕੀਮਤ £25
8) ... -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
... (AZOOSPERMIA), ... (HYDROCELE), ਸੁਜਾਕ (GONORRHOEA), ... ਪ੍ਰਸਟੇਟ ਗ੍ਰੰਥੀ (PROSTATE GLAND) ... ਆਤਸ਼ਕ (SYPHILIS) ... SPERMATIC ... (VARICOCELE), ... ਇਲਾਜ ਵੀ ਅਸੀਂ ... ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ... (Dysmenorrhoea), ... (Atrophy of Mammae) ... (Mastitis), ... ਬੱਚੇਦਾਨੀ (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... ਬਾਂਝਪਣ (Sterility), ... (Miscarriage) ... (Diseases of Post Partum) ... (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**
LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRL)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')
ਕੁਦਰਤ ... INFORMATION, ... 1 ਮਹੀਨੇ ਦੀ ਕੀਮਤ

- ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
- ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
- ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
- ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) --- £49
- ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES): ... -£59
- ਨੁਸਖਾ ਨੰਬਰ 9 (IN CAPSULES): ... - £59
- ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------- £59
- ਨੁਸਖਾ ਨੰਬਰ 11 (IN TABLETS): ... (ANAEMIA) ... ---------- £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS): ... (SPECIAL OCCASIONS) ... --- £89
- ਨੁਸਖਾ ਨੰਬਰ 13 (IN VIALS): ... --- £89
- ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... --- £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ਕਬਜ਼ੀ, ਦਸਤ, ਬਦਹਜ਼ਮੀ, ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) --- ... | £19 |
| CHILLAGA | (IN OINTMENT OR LOTION) --- ... | £19 |
| ARNSTRA | (IN OINTMENT) ------ ... (BED SORES) ... | £19 |
| BELINFLA | (IN OIL OR OINTMENT) --- ... | £19 |
| BELULCE | (IN OIL) --- ... ULCERS ... | £19 |
| BRYJOIN | (IN OIL) -- ... | £19 |
| CALWOUN | (IN OIL OR OINTMENT) -- ... | £19 |
| BURCAN | (IN LOTION OR OINTMENT) -- ... | £19 |
| ROUTUM | (IN OINTMENT) - ... | £19 |
| JOINRHU | (IN OIL) - ... | £19 |
| ABSSIL | (IN LOTION) - ... | £19 |
| ITCSUL | (IN OIL) --- ... | £19 |
| WARTHU | (IN OIL) - ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRL.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਟੌਂਸਾ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ

## ਰਾਜਸੀ, ਸਮਾਜਿਕ ਅਤੇ ਧਾਰਮਿਕ ਸਖਸ਼ੀਅਤਾਂ ਵਲੋਂ ਉਹਨਾਂ ਦੇ ਪਰਿਵਾਰ ਨਾਲ ਕੀਤਾ ਜਾ ਰਿਹਾ ਹੈ ਦੁੱਖ ਸਾਂਝਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਵਾਸੀ ਟੌਂਸਾ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਹਨਾਂ ਦੇ ਅਚਾਨਕ ਵਿਛੋੜੇ ਨਾਲ ਕੇਵਲ ਇੱਕ ਪਰਿਵਾਰ ਨੂੰ ਹੀ ਨਹੀਂ ਬਲਕਿ ਪੂਰੇ ਇਲਾਕੇ ਨੂੰ ਕਦੀ ਨਾ ਪੂਰਿਆਂ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਪੁੱਤਰਾ ਹੰਸ ਰਾਜ ਭਾਟੀਆ ਟੌਂਸਾ ਅਤੇ ਬਿਕਰਮ ਭਾਟੀਆ ਟੌਂਸਾ
ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਸੀਨੀਅਰ ਕਾਂਗਰਸੀ ਆਗੂ ਰਾਣਾ ਵੀਰ ਪ੍ਰਤਾਪ ਸਿੰਘ ਉੱਚੇਚੇ ਤੌਰ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਟੌਂਸਾ ਵਿਖੇ ਪਹੁੰਚੇ



ਇਸ ਮੌਕੇ ਉਨ੍ਹਾਂ ਨਾਲ ਵਿੱਕੀ ਚੋਧਰੀ ਸੀਨੀਅਰ ਕਾਂਗਰਸੀ ਆਗੂ ਕਾਠਗੜ੍ਹ, ਕਿਸ਼ਨ ਲਾਲ ਸਾਬਕਾ ਸਰਪੰਚ ਟੌਂਸਾ,ਪ੍ਰਧਾਨ ਸੁਰਿੰਦਰ ਸ਼ਿੰਦਾ ਸੀਨੀਅਰ ਕਾਂਗਰਸੀ ਆਗੂ ਰੈਲਮਾਜਰਾ, ਸੋਨੂੰ ਵਾਈਸ ਪ੍ਰਧਾਨ ਕਾਂਗਰਸ, ਸੇਠੀ ਜਨਰਲ ਸੈਕਟਰੀ ਨਵਾਂਸ਼ਹਿਰ , ਮਨੀਸ਼ ਸਰਪੰਚ ਬਨਾਂ, ਰਵੀ ਕੋਹਲੀ ਆਦਿ ਹਾਜ਼ਰ ਸਨ।

## ਸੰਤ ਓਅੰਕਾਰ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਮਹਿਤਪੁਰ ਉਲੱਦਣੀ ਵਿਖੇ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ ਸੇਵਾਵਾਂ ਦਾ ਵਿਭਾਗ ਅਰੰਭ





**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ)** ਅਕਾਲ ਪੁਰਖ ਦੀ ਕਿਰਪਾ ਸਦਕਾ ਸਚਖੰਡ ਵਾਸੀ ਸੰਤ ਬਾਬਾ ਗੁਰਮੇਲ ਸਿੰਘ ਜੀ ਵੱਲੋਂ ਇਲਾਕੇ ਦੇ ਲੋੜਵੰਦਾਂ ਮਰੀਜਾਂ ਲਈ ਪਿਛਲੇ ਸਮੇਂ ਦੌਰਾਨ ਮਹਾਂਪੁਰਖ ਸੰਤ ਬਾਬਾ ਓਅੰਕਾਰ ਸਿੰਘ ਜੀ ਦੀ ਯਾਦ ਵਿਚ ਜੋ ਇਲਾਕੇ ਦੇ ਲੋੜਵੰਦ ਲੋਕਾਂ ਲਈ ਸ਼੍ਰੀ ਮਾਨ ਸੰਤ ਬਾਬਾ ਓਅੰਕਾਰ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਤਿਆਰ ਕਰਵਾਏ ਸਨ ਅੱਜ ਉਸ ਵਿਚ ਅੱਖਾਂ ਦੇ ਵਿਭਾਗ ਦਾ ਉਦਘਾਟਨ ਕੀਤਾ ਗਿਆ। ਪ੍ਰਸਿੱਧ ਕਥਾਵਾਚਕ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਵੱਲੋਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਅੱਖਾਂ ਦੇ ਇਲਾਜ ਲਈ ਇਸ ਵਿਭਾਗ ਦੀ ਅਰੰਭਤਾ ਕਰਵਾਈ। ਉਪਰੰਤ ਪ੍ਰਸਿੱਧ ਸਮਾਜ ਸੇਵੀ ਅਤੇ ਧੰਨ ਮਾਤਾ ਗੁਜਰੀ ਜੀ ਟਰੱਸਟ ਜਗਰਾਉਂ ਦੇ ਮੁੱਖ ਸੇਵਾਦ-ਾਰ ਸ: ਸਰਦਾਰ ਗੁਰਤਾਜ ਸਿੰਘ ਵੱਲੋਂ ਇਸ ਸੇਵਾ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਸੰਬੋਧਨ ਹੁੰਦੇ ਹੋਏ ਗਿਆਨੀ ਸਰਬਜੀਤ ਸਿੰਘ ਜੀ ਨੇ ਕਿਹਾ ਕਿ ਇਸ ਸੰਸਥਾ ਵਿੱਚ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ ਦੀ ਸਹੂਲਤ ਆਰੰਭ ਹੋਣ ਨਾਲ ਇਲਾਕੇ ਦੇ ਵੱਡੀ ਗਿਣਤੀ ਵਿਚ ਲੋਕ ਇਸ ਸੇਵਾ ਦਾ ਲਾਭ ਉਠਾ ਸਕਣਗੇ। ਉਹਨਾਂ ਕਿਹਾ ਕਿ ਮਹਾਂਪੁਰਖਾਂ ਦੇ ਨਾਮ ਤੇ ਚੱਲ ਰਹੇ ਇਸ ਹਸਪਤਾਲ ਵਿੱਚ ਹਰ ਮਰੀਜ਼ ਦਾ ਇਲਾਜ ਉਸ ਦੀ ਲਾਗਤ ਤੋਂ ਵੱਧ ਨਹੀਂ ਲਿਆ ਜਾਵੇਗਾ ਅਤੇ ਲੋੜਵੰਦ ਮਰੀਜ਼ ਜੋ ਪੈਸਾ ਦੇਣ ਤੋਂ ਅਸਮੱਰਥ ਹੋਣਗੇ ਉਹਨਾਂ ਲਈ ਵੀ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬਿਨਾਂ ਖਰਚੇ ਤੋਂ ਇਲਾਜ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਉਹਨਾਂ ਨੇ ਇਲਾਕੇ ਦੇ ਐਨ ਆਰ ਆਈ ਵੀਰਾਂ ਨੂੰ ਅਪੀਲ ਕੀਤੀ ਕਿ ਇਸ ਇਲ-ਾਕੇ ਦੇ ਲੋੜਵੰਦ ਮਰੀਜ਼ਾਂ ਦੀ ਬਾਂਹ ਫੜਣ ਲਈ ਅੱਗੇ ਆਉਣ ਤਾਂ ਕਿ ਇਲਾਜ ਕਰਵਾਉਣ ਤੋਂ ਅਸਮਰੱਥ ਮਰੀਜ਼ਾਂ ਨੂੰ ਦਵਾਈਆਂ ਅਤੇ ਉਨ੍ਹਾਂ ਦਾ ਲੋੜੀਂਦਾ ਇਲਾਜ ਮੁਫਤ ਕੀਤਾ ਜਾ ਸਕੇ।

# ਭਾਰਤ ਅਤੇ ਅਮਰੀਕਾ ਸਮਝੌਤਾ ਕਿਸਾਨਾਂ ਲਈ ਘਾਤਕ ਹੋਵੇਗਾ:ਜਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )**ਭਾਰਤ ਅਮਰੀਕਾ ਸਮਝੋਤਾ ਦੇਸ਼ ਦੇ ਕਿਸਾਨਾਂ ਲਈ ਘਾਤਕ ਹੈ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਅਮਰੀਕਾ ਸਮਝੌਤਾ ਟਰੰਪ ਦੇ ਦਬਾਅ ਦੇ ਤਹਿਤ ਕੀਤਾ ਗਿਆ ਹੈ ਇਸ ਸਮਝੌਤੇ ਨਾਲ ਭਾਰਤ ਖਾਸ ਕਰਕੇ ਪੰਜਾਬ ਨੂੰ ਵੱਡਾ ਨੁਕਸਾਨ ਹੋਵੇਗਾ ਉਹਨਾਂ ਕਿਹਾ ਕਿ ਸਰਕਾਰ ਕੁਝ ਛੁਪਾ ਰਹੀ ਹੈ ਸਰਕਾਰ ਨੂੰ ਲੋਕ ਸਭਾ ਵਿੱਚ ਲੋਕਾਂ ਸਾਹਮਣੇ ਸਾਰਾ ਕੁਝ ਸਪਸ਼ਟ ਕਰਨਾ ਚਾਹੀਦਾ ਹੈ।ਦੋਭਾਲੀ ਨੇ ਕਿਹਾ ਕਿ ਪੰਜਾਬ ਦਾ ਪਾਣੀ ਬੇਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ ਪਾਣੀ ਵਿੱਚ ਯੂਰੇਨੀਅਮ,



ਫਲੋਰਾਈਡ, ਵਰਗੇ ਹੋਰ ਹੈਵੀ ਮੈਟਲਜ ਵਧੇਰੇ ਮਾਤਰਾ ਵਿੱਚ ਹਨ ਙ ਜੋ ਕਿ ਬਿਮਾਰੀਆਂ ਦਾ ਘਰ ਹੈ ਉਹਨਾਂ ਕਿਹਾ ਕਿ ਜਿਵੇਂ ਸਰਕਾਰ ਵੱਲੋਂ ਚੰਡੀਗੜ੍ਹ ਮੁਹਾਲੀ ਆਦਿ ਨੂੰ ਸਾਫ ਪਾਣੀ ਮੁਹਈਆ ਕਰਵਾਇਆ ਜਾਂਦਾ ਹੈ ਉਸੇ ਤਰ੍ਹਾਂ ਸਾਰੇ ਪੰਜਾਬ ਵਿੱਚ ਹਰ ਘਰ ਨੂੰ ਸਾਫ ਪਾਣੀ ਮੁਹੱਈਆ ਕਰਵਾਇਆ ਜਾਣਾ ਚਾਹਿਦਾ ਹੈ।

# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵੱਲੋਂ ਤੱਲ੍ਹਣ ਵਿਖੇ ਕਰਵਾਇਆ ਗਿਆ 10ਵਾਂ ਸਮਾਗਮ

## 5 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਹੋਏ

**ਨਵਾਂਸ਼ਹਿਰ ( ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ )** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਰਜਿ. ਪੰਜਾਬ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਅਵਤਾਰ ਪੁਰਬ ਨੂੰ ਸਮਰਪਿਤ 10ਵਾਂ ਕੰਨਿਆਦਾਨ ਸਮਾਗਮ ਪਿੰਡ ਤੱਲ੍ਹਣ ਦੇ ਕੋਹਿਨੂਰ ਫਾਰਮ ਵਿਖੇ ਕਰਵਾਇਆ ਗਿਆ। ਜਿਸ ਵਿਚ 5 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਗਏ। ਇਸ ਮੌਕੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸ਼ਖਸੀਅਤਾਂ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜ ਕੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਦਿੱਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਪਰਮਜੀਤ ਮਡਾਰ, ਪ੍ਰਧਾਨ ਬੀਰ ਚੰਦ ਸੁਰੀਲਾ ਅਤੇ ਉਪ-ਪ੍ਰਧਾਨ ਸ. ਸਰਵਣ ਸਿੰਘ ਨੇ ਕਿਹਾ ਕਿ ਸੰਸਥਾ ਹੁਣ ਤੱਕ 50 ਜੋੜਿਆਂ



ਦੇ ਵਿਆਹ ਕਰਵਾ ਚੁੱਕੀ ਹੈ ਜੋ ਕਿ ਆਪਣੀ ਵਿਆਹੁਤਾ ਜ਼ਿੰਦਗੀ ਖੁਸ਼ੀ ਨਾਲ ਬਤੀਤ ਕਰ ਰਹੇ ਹਨ। ਸੰਸਥਾ ਵੱਲੋਂ ਵਿਆਹੁਤਾ ਲੜਕੀਆਂ ਨੂੰ ਘਰੇਲੂ ਵਰਤੋਂ ਵਾਲਾ ਸਮਾਨ ਨਾਲ ਹੀ ਦਿੱਤਾ ਜਾਂਦਾ ਹੈ। ਸੰਸਥਾ ਦੇ ਸਮੂਹ ਮੈਂਬਰ ਬੜੇ ਹੀ ਦਿਲ ਨਾਲ ਸਹਿਯੋਗ ਦੇ ਰਹੇ ਹਨ ਜਿਸ ਲਈ ਸੰਸਥਾ ਸਮੂਹ ਦਾਨੀਆਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਸੰਸਥਾ ਵੱਲੋਂ ਅੱਗੇ ਕੀਤੇ ਜਾਣ ਵਾਲੇ ਕਾਰਜਾਂ ਵਿਚ ਸਮੂਹ ਮੈਂਬਰ ਅਤੇ ਸਹਿਯੋਗੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ। 10ਵੇਂ ਕੰਨਿਆਦਾਨ ਵਿਚ ਗੁਰੂ ਰਵਿਦ-ਾਸ ਟਾਇਗਰ ਫੋਰਸ ਪੰਜਾਬ ਦੇ ਪ੍ਰਧਾਨ ਜੱਸੀ ਤੱਲ੍ਹਣ ਅਤੇ ਉਨਾਂ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸੰਸਥਾ ਦੇ ਮੁੱਢਲੇ ਮੈਂਬਰ ਅਸ਼ਵਨੀ ਵਿਰਦੀ, ਸੁਰੇਸ਼ ਕੁਮਾਰ ਕਲੇਰ, ਖਜ਼ਾਨਚੀ ਹਰੀਸ਼ ਵਿਰਦੀ, ਸੁਰਿੰਦਰਪਾਲ ਜਨਾਗਲ,ਜਗਦੀਪ ਵਾਲੀਆ, ਮੀਡੀਆ ਸਲਾਹਕਾਰ ਬਲਰਾਜ ਸਿੰਘ, ਤਰਸੇਮ ਬੱਧਣ, ਸਕੱਤਰ ਡਾ ਮੱਖਣ ਲਾਲ , ਐਡਵੋਕੇਟ ਜਗਜੀਵਨ ਰਾਮ, ਮਦਨ ਸਿੰਘ , ਬਲਜੀਤ ਭੱਟੀ, ਮਾ. ਗੁਰਕ੍ਰਿਪਾਲ ਸਿੰਘ, ਅਸ਼ਵਨੀ ਵਿਰਦੀ, ਸੰਜੀਵ ਸਲਾਰਪੁਰ, ਸੰਜੀਵ ਭੱਟੀ, ਵਿਸ਼ਾਲ ਰੇਰੂ, ਡਾ. ਪ੍ਰਤਾਪ ਸਿੰਘ, ਬਲਜੀਤ ਚੀਮਾ, ਗੁਰਦਿਆਲ ਚੰਦ, ਜਸਵੀਰ ਸਿੰਘ , ਦਵਿੰਦਰ ਸੁਰੀਲਾ , ਗੁਰਪ੍ਰੀਤ ਕਲੇਰ ਆਦਿ ਹਾਜ਼ਰ ਸਨ।

# 38ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਧੂਮ ਧੜੱਕੇ ਨਾਲ ਹੋਈਆਂ ਸਮਾਪਤ

**● 6 ਸ਼ਖਸੀਅਤਾਂ ਦਾ ਹੋਇਆ ਸਨਮਾਨ ● ਗੁਰਮੀਤ ਸਿੰਘ ਖੁੱਡੀਆਂ, ਸੰਤ ਸੀਚੇਵਾਲ , ਵਿਧਾਇਕ ਸੰਗੋਵਾਲ, ਪਾਹਵਾ ਸਾਹਿਬ ਅਤੇ ਜੰਗਸ਼ੇਰ ਅਮਰੀਕਾ ਮੁੱਖ ਮਹਿਮਾਨ ਵਜੋਂ ਪੁੱਜੇ**









**ਲੁਧਿਆਣਾ (ਹਰਜਿੰਦਰ ਪਾਲ ਛਾਬੜਾ) ਪੱਤਰਕਾਰ** ਜੇ ਐਸਟੀ ਟਰੱਕ ਪਰਮਿਟ ਅਮਰੀਕਾ, ਏਵਨ ਸਾਈਕਲ ਅਤੇ ਕੋਕਾ ਕੋਲਾ 38ਵੀਂਆਂ ਮਾਡਰਨ ਪੇਂਡੂ ਮਿੰਨੀ ਓਲੰਪਕ ਜਰਖੜ ਖੇਡਾਂ ਦੇ ਇਤਿਹਾਸ ਵਿੱਚ ਇੱਕ ਨਵੀਆਂ ਪੈੜਾਂ ਪਾਉਂਦੀਆਂ ਹੋਈਆਂ ਧੂਮ ਧੜੱਕੇ ਨਾਲ ਸਮਾਪਤ ਹੋਈਆਂ।

,ਕਬੱਡੀ ਓਪਨ ਵਿੱਚ ਨਾਇਬ ਸਿੰਘ ਗਰੇਵਾਲ ਯਾਦਗਾਰੀ ਕਬੱਡੀ ਕੱਪ ਲਈ 16 ਟੀਮਾਂ ਦੇ ਆਪਸੀ ਮੁਕਾਬਲੇ ਹੋਏ ਜਿਸ ਵਿੱਚ ਘੱਲੂਘਾਰਾ ਕੁੱਪ ਦੀ ਟੀਮ ਚੈਂਪੀਅਨ ਅਤੇ ਚਕਰ ਮੋਗਾ ਉਪ ਜੇਤੂ ਰਹੀ। ਹਾਕੀ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਲਵਲੀ ਯੂਨੀਵਰਸਿਟੀ ਜਲੰਧਰ ਨੇ ਜਰਖੜ ਅਕੈਡਮੀ ਨੂੰ 3-1 ਨਾਲ ਹਰਾ ਕੇ ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਟਰਾਫੀ ਤੇ ਕਬਜ਼ਾ ਕੀਤਾ । ਹਾਕੀ ਕੁੜੀਆਂ ਦੇ ਵਰਗ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲਵਲੀ ਯੂਨੀਵਰਸਿਟੀ ਜਲੰਧਰ ਨੂੰ 4-2 ਨਾਲ ਹਰਾ ਕੇ ਮੋਹਿੰਦਰਪਰਤਾਪ ਗਰੇਵਾਲ ਟਰਾਫੀ ਹਾਸਲ ਕੀਤੀ। ਹਾਕੀ ਸਬ ਜੂਨੀਅਰ ਜਗਤਾਰ ਯਾਦਗਾਰੀ ਹਾਕੀ ਕੱਪ ਵਿੱਚ ਜਰਖੜ ਅਕੈਡਮੀ ਨੇ ਅਮਰਗੜ੍ਹ ਨੂੰ 2-1 ਨਾਲ ਹਰਾਕੇ ਜਿੱਤ ਖਿਤਾਬੀ ਜਿੱਤ ਹਾਸਲ ਕੀਤੀ। ਫੁੱਟਬਾਲ ਅਮਰਜੀਤ ਸਿੰਘ ਗਰੇਵਾਲ ਕੱਪ ਵਿੱਚ ਮੁੰਡਿਆਂ ਦੇ ਵਰਗ ਵਿੱਚ ਭੈਣੀ ਅਰੋੜਾ ਨੇ ਭੁੱਟਾ ਨੂੰ 2-1ਨਾਲ ਅਤੇ ਕੁੜੀਆਂ ਦੇ ਵਰਗ ਵਿੱਚ ਗੁਜਰਵਾਲ ਨੇ ਕੋਟਲਾ ਨੂੰ 3-2 ਨਾਲ਼ ਹਰਾਕੇ ਚੈਂਪੀਅਨ ਜਿੱਤ ਹਾਸਲ ਕੀਤੀ। ਬਾਬਾ ਸੁਰਜਨ ਸਿੰਘ ਸਰੀਂਹ ਰੱਸਾਕਸੀ ਕੱਪ ਵਿੱਚ ਰੋਪੜ ਨੇ ਪਹਿਲਾ ਸਥਾਨ ਬਠਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਜਦਕਿ 50 ਸਾਲਾ ਕਬੱਡੀ ਧਰਮ ਸਿੰਘ ਕੱਪ ਵਿੱਚ ਰਾਏਕੋਟ ਨੇ ਪਹਿਲਾ ਸਥਾਨ ਸੀਹਾਦੋਦ ਦੂਸਰਾ ਸਥਾਨ ਹਾਸਲ ਕੀਤਾ

7 ਸਖਸ਼ੀਅਤਾਂ ਦਾ ਹੋਇਆ ਵਿਸ਼ੇਸ਼ ਸਨਮਾਨ

ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਅੱਜ ਏਵਨ ਸਾਈਕਲ ਦੇ ਮਾਲਕ ਪਦਮ ਸ੍ਰੀ ਓਕਾਰ ਸਿੰਘ ਪਾਹਵਾ, ਪਦਮ ਸ੍ਰੀ ਹਾਕੀ ਕੋਚ ਬਲਦੇਵ ਸਿੰਘ ਨੂੰ ਭਗਤ ਪੂਰਨ ਸਿੰਘ ਐਵਾਰਡ" ਨਾਲ , ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ"ਪੰਜਾਬ ਦਾ ਮਾਣ ਐਵਾਰਡ" ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ ਵਾਈਸ ਚਾਂਸਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨ ਾ ਲ , ਪ ੱ ਤ ਰ ਕ ਾ ਰ ਦਵਿੰਦਰਪਾਲ ਸ਼ਰਮਾ ਚੰਡੀਗੜ੍ਹ ਨੂੰ "ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ" ਦੇ ਨਾਲ, ਉੱਭਰਦੇ ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋਂ ਨੂੰ "ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ " ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਗਰੇਵਾਲ ਯੂ ਐਸ ਏ ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਨਮਾਨਿਤ ਸ਼ਖਸੀਅਤਾ ਦੀਆਂ ਪ੍ਰਾਪਤੀਆਂ ਦਾ ਬਿਉ-ਰਾ ਪੜਕੇ ਅਤੇ ਉਹਨਾਂ ਨੂੰ ਐਵਾਰਡ , ਯਾਦਗਾਰੀ ਘੋੜਿਆਂ ਦੇ ਚਿੰਨ੍ਹ ,ਟਰਾਫੀਆਂ ਮੁੱਖ ਮਹਿਮਾਨ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ , ਜੇ ਐਸਟੀ ਟਰੱਕ ਪਰਮਿਟ ਅਮਰੀਕਾ ਦੇ ਮਾਲਕ ਜੰਗਸ਼ੇਰ ਸਿੰਘ ਅਤੇ ਏਵਨ ਸਾਈਕਲ ਕੰਪਨੀ ਦੇ ਮਾਲਕ ਓਂਕਾਰ ਸਿੰਘ ਪਾਹਵਾ ਵੀ ਮੁੱਖ ਮਹਿਮਾਨ ਵਜੋਂ ਪੁੱਜੇ । ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਜਰਖੜ ਟਰੱਸਟ ਨੂੰ 11 ਲੱਖ ਅਤੇ ਸਰਦਾਰ ਖੁੱਡੀਆਂ ਨੇ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ।

ਜੰਗ ਸ਼ੇਰ ਸਿੰਘ ਅਮਰੀਕਾ ਵਾਲਿਆਂ ਨੇ ਢਾਈ ਲੱਖ ਰੁਪਏ, ਹੰਸਲੋ ਯੂਕੇ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ ਨੇ ਮਹਿੰਦਰ ਪ੍ਰਤਾਪ ਗਰੇਵਾਲ ਟਰਸਟ ਵੱਲੋਂ 2 ਲੱਖ ਰੁਪਏ ਦੀ ਕੀਤੀ ਸਹਾਇਤਾ ਦਿੱਤੀ। ਜਦੋਂ ਗਾਇਕਾਂ ਨੇ ਜਰਖੜ ਸਟੇਡੀਅਮ ਵਿੱਚ ਝੂਮਣ ਲਾਏ ਦਰਸ਼ਕ ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ,ਨੀਤੂ ਵਿਰਕ, ਗੁਰਜਾਨ ਨੇ ਅੱਜ ਚਰਖੜ ਖੇਡਾਂ ਤੇ ਆਪਣੇ ਗਾਇਕੀ ਦਾ ਰੰਗ ਬਖੇਰਿਆ ਅਤੇ ਸਤਵਿੰਦਰ ਬਿੱਟੀ ਨੇ ਆਪਣੇ ਚੋਣਵੇਂ ਗੀਤਾਂ ਨਾਲ ਤਾਂ ਪੂਰੇ ਸਟੇਡੀਅਮ ਝੂਮਣ ਲਾ ਦਿੱਤਾ ।ਕਾਰਪੋਰੇਟ ਹਾਊਸ ਦਾ ਵਿਸ਼ੇਸ਼ ਧੰਨਵਾਦ

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਇਹਨਾਂ ਖੇਡਾਂ ਦੇ ਗੋਲਡ ਸਪਾਂਸਰ ਜੇ ਐਸ ਟੀ ਟਰੱਕ ਪਰਮਿਟ ਫਰਿਜਨੋ,ਜਦਕਿ ਸਿਲਵਰ ਸਪਾਂਸਰ ਕੋਕਾ ਕੋਲਾ, ਏਵਨ ਸਾਈਕਲ, ਪੈਟਰੋਲੀਅਮ ਸਪੋਰਟਸ ਪਰਮੋਸ਼ਨ ਬੋਰਡ ,ਡਾਬਰ ਕੰਪਨੀ , ਵਿਸ਼ਾਲ ਸਾਈਕਲ ਅਤੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਨੇ ਟੂਰਨਾਮੈਂਟ ਨੂੰ ਵੱਡਾ ਸਹਿਯੋਗ ਦਿੱਤਾ। ਇਸ ਮੌਕੇ ਡਾਬਰ ਕੰਪਨੀ ਵੱਲੋਂ ਖਿਡਾਰੀਆਂ ਤੇ ਮਹਿਮਾਨਾਂ ਵਾਸਤੇ ਵਿਸ਼ੇਸ਼ ਤੋਹਫੇ ਅਤੇ ਕੋਕਾ ਕੋਲ ਕੰਪਨੀ ਵੱਲੋਂ ਸਾਰੀ ਪਬਲਿਕ ਵਾਸਤੇ ਸਪੈਸ਼ਲ ਜੂਸ ਵੰਡਿਆ ਗਿਆ। ਏਵਨ ਸਾਈਕਲ ਵੱਲੋਂ ਜੇਤੂ ਖਿਡਾਰੀਆਂ ਨੂੰ 50 ਸਾਈਕਲ, ਵਿਸਾਲ ਸਾਈਕਲ ਵੱਲੋਂ ਹਾਕੀ ਦੇ ਜੇਤੂਆਂ ਨੂੰ 20 ਸਾਈਕਲ ਦਿੱਤੇ ਗਏ।ਆਖਰੀ ਦਿਨ ਰਾਜ ਕੌਰ ਦਿਓਲ ਕੈਨੇਡਾ, ਪਰਵਿੰਦਰ ਕੌਰ ਚੇਅਰਮੈਨ ਐਨਆਰਆਈ ਵਿੰਗ ਪੰਜਾਬ, ਹਰਿੰਦਰ ਸਿੰਘ ਹੋਸ਼ਿਆਰਪੁਰ,ਸੁਰਿੰਦਰ ਸਿੰਘ ਖੰਨਾ ,ਨਿਰਮਲ ਸਿੰਘ ਖਹਿਰਾ ਇੰਗਲੈਂਡ , ਹਰਦੀਪ ਸਿੰਘ ਬੀਰਮਪੁਰ, ਦਲਜੀਤ ਸਿੰਘ ਭੱਟੀ ਕੋਕਾ ਕੋਲਾ,ਮਨਪ੍ਰੀਤ ਸਿੰਘ ਭਾਟੀਆ ਕੋਕਾ ਕੋਲਾ, ਬਲਵੰਤ ਸਿੰਘ ਬੁੱਢੇਵਾਲ, ਜੀਵਨ ਸਿੰਘ ਗਿੱਲ, ਹਰਨੇਕ ਸਿੰਘ ਭੱਪ, ਮਨੂ ਘਲੋਟੀ,ਗੁਰਸਤਿੰਦਰ ਸਿੰਘ ਪਰਗਟ, ਸਰਪੰਚ ਸੰਦੀਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ ਆਦਿ ਇਲ-ਾਕੇ ਦੀਆਂ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਵ. ਕਾਮਰੇਡ ਸ਼ੰਕਰ ਸਿੰਘ ਦੀ ਯਾਦ 'ਚ ਉਨਾਂ ਦੇ ਪਰਿਵਾਰ ਵਲੋਂ ਸਰਕਾਰੀ ਸਕੂਲ ਨੂੰ ਦਿੱਤਾ ਫੰਡ ਤੇ ਪੁਜ਼ੀਸ਼ਨਾਂ ਹਾਸਲਕਰਨ ਵਾਲੇ ਬੱਚਿਆਂ ਨੂੰ ਦਿੱਤੇ ਨਕਦ ਇਨਾਮ



**ਫਿਲੌਰ/ਅੱਪਰਾ, (ਦੀਪਾ)**-ਉੱਘੇ ਸਮਾਜ ਸੇਵੀ ਕਾਮਰੇਡ ਭੁਪਿੰਦਰ ਸਿੰਘ ਗਵਾ (ਕੈਨੇਡਾ) ਤੇ ਉਹਨਾਂ ਦੀ ਧਰਮ ਪਤਨੀ ਬੀਬੀ ਬਲਜਿੰਦਰ ਕੌਰ ਛੋਕਰ ਵਲੋਂ ਸਵ. ਕਾਮਰੇਡ ਸ਼ੰਕਰ ਸਿੰਘ ਦੀ ਨਿੱਘੀ ਮਿੱਠੀ ਯਾਦ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਛੋਕਰਾਂ ਨੂੰ 30 ਹਜ਼ਾਰ ਰੁਪਏ ਦਾ ਫੰਡ ਦਿੱਤਾ ਗਿਆ ਇਸਦੇ ਨਾਲ ਹੀ ਜੋ ਬੱਚਾ ਅੱਠਵੀਂ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਇਆ ਉਸਨੂੰ 40 ਹਜ਼ਾਰ ਰੁਪਏ ਅਤੇ ਦੂਜੇ ਨੰਬਰ ਤੇ ਆਉਣ ਵਾਲੇ ਬੱਚੇ ਨੂੰ 20 ਹਜ਼ਾਰ ਰੁਪਏ ਨਕਦ ਇਨਾਮ ਦਿੱਤਾ ਗਿਆ ।ਇਸ ਮੌਕੇ ਗੁਰਦੁਆਰਾ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਵਲੋਂ ਬੀਬੀ ਬਲਜਿੰਦਰ ਕੌਰ ਜੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਸਮੂਹ ਗ੍ਰਾਮ ਪੰਚਾਇਤ ਵਲੋਂ ਕਾਮ-ਰੇਡ ਭੁਪਿੰਦਰ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ । ਇਸ ਮੌਕੇ ਗੁਰਦੁਆਰਾ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚਰਨਜੀਤ ਕੁਮਾਰ, ਕੈਸ਼ੀਅਰ ਜਗਜੀਤ ਸੋਨੀ, ਲਖਵਿੰਦਰ ਬਿੰਦਰ, ਮੀਤ ਪ੍ਰਧਾਨ ਕਮਲ ਕੁਮਾਰ, ਚੇਅਰਮੈਨ ਵਰਿੰਦਰ ਕੁਮਾਰ, ਕੁਲਦੀਪ ਲੋਹਟ, ਮਨੀਸ਼ ਲੋਹਟ, ਸੰਦੀਪ ਕਲੇਰ, ਪਰਸਰਾਮ, ਤਨਵੀਰ ਕਲੇਰ, ਹਰਮਨ ਲੋਹਟ, ਸਰਬਜੀਤ ਕਲੇਰ, ਤੀਰਥ ਕੁਮਾਰ,ਅਮਰਜੀਤ ਸਿੰਘ ਕਾਲਾ, ਅਸ਼ੋਕ ਕੁਮਾਰ, ਅਵਤਾਰ ਤਾਰੀ, ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ, ਸਰਕਾਰੀ ਸਕੂਲ ਦੇ ਹੈੱਡ ਮਾਸਟਰ ਕੁਲਬੀਰ ਸਿੰਘ, ਸਕੂਲ ਦੀ ਵਿਕਾਸ ਕਮੇਟੀ ਦੇ ਬਲਵੀਰ ਸਿੰਘ, ਸ ਰ ਬ ਜ ੀ ਤ ਸਿੰਘ,ਗ੍ਰੰਥੀ ਅਵਤਾਰ ਸਿੰਘ, ਮੁਹੰਮਦ ਸਰਵਰ, ਤੀਰਥ ਸ਼ਰਮਾ, ਵੀ ਹਾਜ਼ਰ ਸਨ ।

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ 'ਚ ਪੜਦੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਦਿੱਤੀ ਗਈ ਵਿਦਾਇਗੀ ਪਾਰਟੀ

**ਫਿਲੌਰ/ਅੱਪਰਾ, (ਦੀਪਾ)–** ਸਥਾਨਕ ਆਕਸਫੋਰਡ ਸ਼ਾਈਨ ਸਕੂਲ ਅੱਪਰਾ ਦੇ ਪ੍ਰਿੰਸਿਪਲ ਕੁਰਨੇਸ਼ ਨੰਦਾ ਤੇ ਐੱਮ. ਡੀ ਸੰਦੀਪ ਰਾਣਾ ਦੀ ਅਗਵਾਈ ਹੇਠ 12ਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਸਮਾਰੋਹ ਆਯੋਜਿਤ ਕੀਤਾ ਗਿਆ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ੍ਰੀਮਤੀ ਸ਼ਕੁੱਤਲਾ ਦੇਵੀ ਪਤਨੀ ਸਵ. ਜਰਨੈਲ ਰਾਣਾ, ਸ੍ਰੀਮਤੀ ਅਨੀਤਾ ਦੇਵੀ ਪਤਨੀ ਸ੍ਰੀ ਸੰਦੀਪ ਰਾਣਾ ਵੀ ਹਾਜ਼ਰ ਹੋਏ । ਇਸ ਮੌਕੇ 11ਵੀਂ ਕਲਾਸ ਦੇ ਵਿਦਿਆਰਥੀਆਂ ਵਲੋਂ ਇਸ ਵਿੱਦਿਅਕ ਸ਼ੈਸ਼ਨ 2025-26 ਦੀ 12ਵੀਂ ਕਲਾਸ ਦੀ ਪ੍ਰੀਖਿਆ ਦੇਣ ਜਾ ਰਹੇ ਵਿਦਿਆਰਥੀਆਂ ਲਈ ਬਹੁਤ ਹੀ



ਭਾਵ-ਭਿੰਨੇ ਅੰਦਾਜ਼ 'ਚ ਵਿਦਾਇਗੀ ਪਾਰਟੀ ਦਾ ਆਯੋਜਨ

ਕੀਤਾ ਗਿਆ । ਇਸ ਸਮਾਰੋਹ ਦਾ ਪ੍ਰਬੰਧ ਵਿਦਿਆਰਥੀਆਂ ਨੇ ਆਪਸੀ ਸਹਿਯੋਗ, ਮਿਲਵਰਤਨ, ਰੀਝ ਤੇ ਪੂਰੀ ਸ਼ਿੱਦਤ ਨਾਲ ਕੀਤਾ, ਜਿਸਦੀ ਝਲਕ ਵੱਖ-ਵੱਖ ਸੁੰਦਰ ਤੇ ਆਕਰਸ਼ਕ ਪੇਸ਼ਕਾਰੀਆਂ ਤੋਂ ਮਿਲ ਰਹੀ ਸੀ । ਇਸ ਮੌਕੇ ਪ੍ਰਿੰਸੀਪਲ ਕੁਰਨੇਸ਼ ਨੰਦਾ ਤੇ ਡਾਇਰੈਕਟਰ ਸੰਦੀਪ ਰਾਣਾ ਨੇ 12ਵੀਂ ਕਲਾਸ ਦੀ ਪ੍ਰੀਖਿਆ ਦੇਣ ਜਾ ਰਹੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ । ਇਸ ਮੌਕੇ 'ਮਿਸਟਰ ਅਸੀਸ਼ੀਅਨ' ਗੁਰਮਾਨ ਤੇ 'ਮਿਸਿਜ਼ ਅਸੀਸ਼ੀਅਨ' ਵਰਲੀਨ ਕੌਰ ਨੂੰ ਚੁਣਿਆ ਗਿਆ । ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ, ਮਮਤਾ, ਮਨੀਸ਼ਾ, ਸੋਨੀਆ, ਸੀਮਾ, ਸਤਵਿੰਦਰ ਕੁਮਾਰ, ਅਮਨ, ਪ੍ਰਿਆ, ਨੇਹਾ, ਮਨਦੀਪ, ਮਨਪ੍ਰੀਤ ਕੌਰ ਤੇ ਸਮੂਹ ਵਿਦਿਆਰਥੀ ਵੀ ਹਾਜ਼ਰ ਸਨ ।

# ਗੁਰਾਇਆ ਪੁਲਿਸ ਵੱਲੋਂ 30 ਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

## "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਵੱਡੀ ਕਾਰਵਾਈ



**ਫਿਲੌਰ/ਅੱਪਰਾ (ਦੀਪਾ)–** ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਜਿਲ੍ਹਾ ਜਲੰਧਰ ਦਿਹਾਤੀ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਮੁੱਖ ਅਫਸਰ ਥਾਣਾ ਗੁਰਾਇਆ ਦੀ ਅਗਵਾਈ ਹੇਠ ਏ.ਐਸ.ਆਈ. ਬਾਵਾ ਸਿੰਘ ਅਤੇ ਪੁਲਿਸ ਪਾਰਟੀ ਵੱਲੋਂ ਗਸ਼ਤ ਦੌਰਾਨ ਮਾਹਲਾ ਗੇਟ ਗੁਰਾਇਆ ਨੇੜੇ ਇਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਗਿਆ। ਤਲਾਸ਼ੀ ਦੌਰਾਨ ਦੋਸ਼ੀ ਦੀ ਪਛਾਣ ਬਘੇਲੂ ਰਾਮ ਉਰਫ਼ ਬਘੇਲੂ ਪੁੱਤਰ ਪੋਲਨ ਰਾਮ ਵਾਸੀ ਮਾਹਲਾ ਰੋਡ ਗੁਰਾਇਆ ਵਜੋਂ ਹੋਈ, ਜਿਸ ਦੇ ਪਾਸੋਂ 30 ਗ੍ਰਾਮ ਹੈਰੋਇਨ ਅਤੇ ਮੋਟਰਸਾਈਕਲ ਨੰਬਰ ਫਭ-37-ਭ-8767 (ਮਾਰਕਾ ਸਪਲੈਂਡਰ) ਬਰਾਮਦ ਹੋਈ। ਇਸ ਸਬੰਧ ਵਿੱਚ ਥਾਣਾ ਗੁਰਾਇਆ ਵਿਖੇ ਮੁਕੱਦਮਾ ਨੰਬਰ 39 ਅਧੀਨ ਧਾਰਾਵਾਂ 21(ਬੀ), 61, 85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੋਸ਼ੀ ਨੂੰ ਮਾਣਯੋਗ ਅਦਾਲਤ ਫਿਲੌਰ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਪੁਲਿਸ ਵੱਲੋਂ ਦੋਸ਼ੀ ਤੋਂ ਡੂੰਘੀ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਹੈਰੋਇਨ ਕਿੱਥੋਂ ਲਿਆਂਦੀ ਗਈ ਸੀ ਅਤੇ ਕਿਸ ਨੂੰ ਵੇਚਣੀ ਸੀ। ਨਾਲ ਹੀ ਹੋਰ ਨਸ਼ਾ ਤਸਕਰਾਂ ਨਾਲ ਸੰਭਾਵਿਤ ਸਾਂਝ ਬਾਰੇ ਵੀ ਜਾਂਚ ਜਾਰੀ ਹੈ।

# ਇੱਛਾ ਪੂਰਨ ਸ਼ਨੀ ਮੰਦਿਰ ਅੱਪਰਾ ਵਿਖੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਇਆ

## ਸਰਦਾਈ ਤੇ ਫ਼ਲ ਫਰੂਟਾਂ ਦੇ ਲੰਗਰ ਵਰਤਾਏ



**ਫਿਲੌਰ/ਅੱਪਰਾ (ਦੀਪਾ)–** ਸਥਾਨਕ ਮੰਡੀ ਰੋਡ ਵਿਖੇ ਸਥਿਤ ਇੱਛਾ ਪੂਰਨ ਸ਼ਨੀ ਮੰਦਿਰ ਅੱਪਰਾ ਵਿਖੇ ਮੁੱਖ ਸੇਵਾਦਾਰ ਪੰਡਿਤ ਕਿਸ਼ੋਰ ਕੁਮਾਰ ਸ਼ਾਸਤਰੀ ਦੀ ਅਗਵਾਈ ਹੇਠ ਮਹਾਂਸ਼ਿਵਰਾਤਰੀ ਦਾ ਤਿਉਹ-ਾਰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰੇ ਹਵਨ ਤੇ ਪੂਜਾ ਅਰਚਨਾ ਕੀਤੀ ਗਈ। ਉਪਰੰਤ ਸਰਦਾਈ ਤੇ ਫ਼ਲ ਫਰੂਟਾਂ ਦੇ ਲੰਗਰ ਵੀ ਵਰਤਾਏ ਗਏ।

# ਵਿਦੇਸ਼ਾਂ ਵਿੱਚ ਮਾਲ ਵਿਕਣ ਦੇ ਕਾਰਨ ਉਦਯੋਗ ਵਿਕਸਤ ਹੁੰਦੇ - ਸੀਨੀਅਰ ਆਗੂ ਬੀ ਜੇ ਪੀ ਵਿਜੇ ਭਾਟੀਆ ਸੰਡਰੇਵਾਲ

**ਨਵਾਂਸ਼ਹਿਰ (ਜਤਿੰਦਰਪਾਲ ਸਿੰਘ ਕਲੇਰ )** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਵਿਜੇ ਭਾਟੀਆ ਸੰਡਰੇਵਾਲ ਵੱਲੋਂ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਹਮੇਸ਼ਾ ਉਹੀ ਮੁਲਕ ਤਰੱਕੀ ਕਰਦੇ ਹਨ ਜਿਨ੍ਹਾਂ ਦਾ ਕੱਚਾ ਮਾਲ ਜਾਂ ਸਬੰਧਿਤ ਦੇਸ਼ ਦੇ ਕੱਚੇ ਮਾਲ, ਤਿਆਰ ਮਾਲ ਦੂਜੇ ਦੇਸ਼ਾ ਵਿੱਚ ਵਿਕਦਾ ਹੋਵੇ । ਵਿਦੇਸ਼ਾਂ ਵਿੱਚ ਮਾਲ ਵਿਕਣ ਦੇ ਕਾਰਨ ਉਦਯੋਗ ਵਿਕਸਤ ਹੁੰਦੇ ਹਨ । ਉਨ੍ਹਾਂ ਉਦਯੋਗਾਂ ਦੀ ਬਦੌਲਤ ਉਸ ਸੂਬੇ ਜਾਂ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ ਹੈ । ਵਿਰੋਧੀ ਪਾਰਟੀਆਂ ਵੱਲੋਂ ਇੱਕ ਝੂਠ ਫੈਲਾਇਆ ਜਾ ਰਿਹਾ ਹੈ ਜਿਸ ਨੂੰ ਬੇਨਕਾਬ ਕਰਦੇ ਹੋਏ ਵਿਜੇ ਭਾਟੀਆ ਨੇ ਕਿਹਾ ਕਿ ਪੰਜਾਬ ਦੀਆਂ ਜਿੰਨੀਆਂ ਵੀ ਫਸਲਾਂ ਹਨ ਜਿਨਾਂ ਵਿੱਚ ਕਣਕ, ਚਾਵਲ, ਜੌ, ਮੱਕੀ, ਕਪਾਹ, ਕਾਬਲੀ ਛੋਲੇ, ਮੂੰਗੀ ਸਾਰੀਆਂ ਫਸਲਾਂ ਤੇ ਭਾਰਤ ਵੱਲੋਂ ਅਮਰੀਕਾ ਨੂੰ ਕੋਈ ਛੋਟ ਨਹੀ ਦਿੱਤੀ ਗਈ।



ਇਸੇ ਤਰਾਂ ਜਿੰਨੇ ਵੀ ਡੇਅਰੀ ਉਤਪਾਦ ਹਨ ਜਿੰਨਾ ਵਿੱਚ ਦੁੱਧ ਜਾਂ ਦੁੱਧ ਤੋਂ ਬਣੇ ਪਨੀਰ, ਕਰੀਮ, ਮੱਖਣ, ਸੁੱਕਾ ਦੁੱਧ, ਘਿਉ ਆਦਿ, ਸਬਜੀਆਂ ਦੇ ਵਿੱਚੋਂ ਪਿਆਜ, ਆਲੂ, ਮਟਰ, ਖੁੰਭਾ, ਤੌਰੀ, ਕੱਦੂ. ਖੀਰਾ, ਸ਼ਿਮਲਾ ਮਿਰਚ, ਭਿੰਡੀ ਆਦਿ ਜਿੰਨੀਆ ਵੀ ਸਬਜੀਆਂ ਹਨ ਨੂੰ ਭਾਰਤ ਭੇਜਣ ਦੀ ਇਜਾਜ਼ਤ ਨਹੀ ਦਿੱਤੀ ਗਈ ਇਸਦੇ ਉਲਟ ਇਹ ਸਾਰੀਆਂ ਸਬਜ਼ਆਂ ਤੇ ਪਰੋਸੈਸ਼ ਸਬਜੀਆਂ 0 % ਟੈਰਿਫ ਤੋਂ ਅਮਰੀਕਾ ਜਾ ਸਕਣਗੀਆਂ । ਇਸੇ ਤਰ੍ਹਾਂ ਫਲਾਂ ਅਤੇ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਮਸਾਲਿਆਂ ਤੇ ਵੀ ਕੋਈ ਛੋਟ ਨਹੀਂ ਦਿੱਤੀ ਗਈ । ਉਪਰੋਕਤ ਸਾਰੀਆਂ ਆਈਟਮਾਂ ਪਹਿਲਾਂ ਹੀ ਵੱਡੀ ਮਾਤਰਾ ਵਿੱਚ ਭਾਰਤ ਆਉਦੀਂਆ ਹਨ ਇਸ ਵਿੱਚੋ ਕੁਝ ਆਈਟਮਾਂ ਦੇ ਕੋਟਾ ਫਿਕਸ ਕਰਕੇ ਕਿਸਾਨਾਂ ਦੀਆਂ ਫਸਲਾਂ ਜਾ ਫਸਲਾਂ ਤੋ ਬਣੇ ਹੋਏ ਸਮਾਨ 0 % ਟੈਰਿਫ ਤੇ ਅਮਰੀਕਾ ਨੂੰ ਭੇਜੇ ਜਾਣ ਨਾਲ ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਦਾ ਬਹੁਤ ਵੱਡਾ ਫਾਇਦਾ ਹੋਵੇਗਾ ।ਖੇਤੀ ਨਾਲ ਸਬੰਧਿਤ ਫਸਲਾਂ ਦੇ ਨਾਲ ਕਪਾਹ ਅਤੇ ਕੱਪੜਾ ਉਦਯੋਗ, ਲੈਦਰ ਦਾ ਕਾਰੋਬਾਰ, ਖਿਡੋਣੀਆ ਦਾ ਕਾਰੋਬ-ਾਰ, ਘਰੇਲੂ ਵਰਤੋਂ ਵਾਲੀਆਂ ਚੀਜ਼ਾਂ ਆਦਿ ਦੇ ਕਾਰੋਬਾਰ ਵਿੱਚ ਬਹੁਤ ਵੱਡਾ ਵਾਧਾ ਹੋਵੇਗਾ ।

# ਚਿਲੀਵੈਕ ਚ ਗੋਲੀਬਾਰੀ ਦੀ ਘਟਨਾ ਦੌਰਾਨ ਇੱਕ ਦੀ ਮੌਤ ਇਕ ਗੰਭੀਰ ਜਖਮੀ

**ਵੈਨਕੂਵਰ (ਮਲਕੀਤ ਸਿੰਘ )**–ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪਹਾੜੀ ਸ਼ਹਿਰ ਚਿਲੀਵੈਕ ਵਿੱਚ ਅੱਜ ਸਵੇਰੇ ਵਾਪਰੀ ਗੋਲੀਬਾਰੀ ਦੀ ਇੱਕ ਘਟਨਾ ਦੌਰਾਨ ਇੱਕ ਵਿਅਕਤੀ ਦੀ ਮੌਤ ਅਤੇ ਇੱਕ ਹੋਰ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ ਇਸ ਸਬੰਧੀ ਪੁਲਿਸ ਵੱਲੋਂ ਜਾਰੀ ਕੀਤੀ ਜਾਣਕਾਰੀ ਮੁਤਾਬਕ ਅੱਜ ਸਵੇਰੇ ਤਕਰੀਬਨ 8 :40 ਵਜੇ ਪੁਲਿਸ ਨੂੰ ਚਿਲਾਵੈਕ ਸਥਿਤ ਮੇਲਾਰਡ ਐਵਨਿਊ ਤੇ ਮੌਜੂਦ ਇੱਕ ਘਰ ਵਿੱਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਇਸ ਮਗਰੋਂ ਮੌਕੇ ਤੇ ਪਹੁੰਚੀ ਪੁਲਿਸ ਨੂੰ ਘਰ ਦੇ ਅੰਦਰ ਦੋ ਵਿਅਕਤੀ ਜਖਮੀ ਹਾਲਤ ਚ ਮਿਲੇ ਜਿਨਾਂ ਵਿੱਚੋਂ ਇੱਕ ਦੀ ਕੁਝ ਮਿੰਟਾਂ ਚ ਹੀ ਮੌਤ ਹੋ ਗਈ ਜਦੋਂ ਕਿ ਬਚਾਅ ਕਾਰਜ ਟੀਮ ਵੱਲੋਂ ਦੂਸਰੇ ਗੰਭੀਰ ਜਖਮੀ ਹੋਏ ਵਿਅਕਤੀ ਨੂੰ ਨੇੜਲੇ ਹਸਪਤਾਲ ਪਹੁੰਚਾਇਆ ਗਿਆ ਕਤਲੋਗਾਰਤ ਦੀ ਇਸ ਘਟਨਾ ਦੀ ਜਾਂਚ ਇੰਟਰਗੇਟਡ ਹੋਮੋਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਆਰੰਭ ਕਰ ਦਿੱਤੀ ਗਈ ਹੈ

# ਸਰੀ ਵਿੱਚ ਗੈਂਗ ਹਿੱਸਾ ਅਤੇ ਜਬਰਦਸਤੀ ਵਸੂਲੀ ਮਾਮਲਿਆਂ ਖਿਲਾਫ ਇਕੱਤਰਤਾ 22 ਫਰਵਰੀ ਨੂੰ





**ਵੈਨਕੂਵਰ (ਮਲਕੀਤ ਸਿੰਘ** )-ਪਿਛਲੇ ਕੁਝ ਮਹੀਨਿਆਂ ਤੋਂ ਗੈਂਗ ਹਿੰਸਾ ਤੇ ਜਬਰਦਸਤੀ ਵਸੂਲੀ ਮਾਮਲਿਆਂ ਦੀਆਂ ਘਟਨਾਵਾਂ ਤੋਂ ਪਰੇਸ਼ਾਨ ਸਥਾਨਕ ਭਾਈਚਾਰੇ ਦੇ ਲੋਕਾਂ ਵੱਲੋਂ 22 ਫਰਵਰੀ ਨੂੰ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਚ ਸਥਿਤ ਵੈਸਟ ਫੀਲਡ ਕੰਟਰੀ ਕਲੱਬ ਚ ਦੁਪਹਿਰ 12 ਵਜੇ 'ਫਾਈਟਿੰਗ ਬੈਕ ਅਗੇਂਸਟ ਡਰਗਸ ਗੈਂਗਸ ਐਂਡ ਐਕਸਟੋਰੀਅਨ' ਸਿਰਲੇਖ ਹੇਠ ਇਕ ਜਨਤਕ ਇਕੱਤਰਤਾ ਦਾ ਆਯੋਜਨ ਕੀਤਾ ਜਾਵੇਗਾ ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ....ਨੇ ਦੱਸਿਆ ਕਿ ਇਸ ਮੌਕੇ ਤੇ ਜਬਰਦਸਤੀ ਵਸੂਲੀ ਦੇ ਪੀੜਤ ਅਤੇ ਉਕਤ ਘਟਨਾਵਾਂ ਤੋਂ ਪਰੇਸ਼ਾਨ ਲੋਕ ਆਪਣੇ ਵਿਚਾਰ ਸਾਂਝੇ ਕਰਨਗੇ ਇਹ ਇਕੱਤਰਤਾ 'ਕਿਡ੍ਸ ਪਲੇਅ ਫਾਊਂਡੇਸ਼ਨ' 'ਫਾਊਂਡੇਸ਼ਨ ਫਾਰ ਪੱਥ ਫਾਰਵਡ' ਅਤੇ 'ਮੈਟਰੋ ਵੈਨਕੂਵਰ ਕਰਾਈਮ ਸਟੋਪਰ' ਦੇ ਸਾਂਝੇ ਉਦਮ ਸਦਕਾ ਆਯੋਜਿਤ ਕਰਵਾਈ ਜਾ ਰਹੀ ਹੈ। ਲੜਦੀ ਜਾਣਕਾਰੀ ਲਈ ਫੋਨ 604 619 10 64 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡੀਅਨ ਪਾਸਪੋਰਟ ਧਾਰਕ ਹੁਣ ਚੀਨ ਵਿੱਚ ਵੀਜ਼ਾ ਤੋਂ ਬਿਨਾਂ ਕਰ ਸਕਣਗੇ ਯਾਤਰਾ

## ਨਵੀਂ ਨੀਤੀ 31 ਦਸੰਬਰ ਤੱਕ ਰਹੇਗੀ ਲਾਗੂ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਪਾਸ-ਪੋਰਟ ਧਾਰਕਾਂ ਲਈ ਚੀਨ ਦੀ ਯਾਤਰਾ ਹੁਣ ਵੀਜ਼ਾ ਤੋਂ ਬਿਨਾਂ ਸੰਭਵ ਹੋ ਗਈ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਇਹ ਨਵੀਂ ਨੀਤੀ ਇਸ ਹਫ਼ਤੇ ਤੋਂ ਲਾਗੂ ਹੋ ਰਹੀ ਹੈ ਅਤੇ 31 ਦਸੰਬਰ 2026 ਤੱਕ ਜਾਰੀ ਰਹੇਗੀ। ਚੀਨੀ ਅਧਿਕਾਰੀਆਂ ਅਨੁਸਾਰ ਕੈਨੇਡੀਅਨ ਨਾਗਰਿਕ ਹੁਣ ਨਿਰਧਾਰਿਤ ਸਮੇਂ ਲਈ ਬਿਨਾਂ ਵੀਜ਼ਾ ਚੀਨ ਵਿੱਚ ਦਾਖ਼ਲ ਹੋ ਸਕਣਗੇ। ਇਸ ਕਦਮ ਨੂੰ ਕੈਨੇਡਾ ਅਤੇ ਚੀਨ ਵਿਚਕਾਰ



ਚੀਨ ਦੇ ਰਾਸ਼ਟਰਪਤੀ ਅਤੇ ਕਨੇਡਾ ਦੇ ਪ੍ਰਧਾਨ ਮੰਤਰੀ ਇੱਕ ਮੁਲਾਕਾਤ ਦੌਰਾਨ ਹੱਥ ਮਿਲਾਉਂਦੇ ਹੋਏ।

ਠੰਢੇ ਪਏ ਦੋਪੱਖੀ ਸੰਬੰਧਾਂ ਵਿੱਚ ਸੁਧਾਰ ਵੱਲ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਹ ਫ਼ੈਸਲਾ ਦੋਵਾਂ ਦੇਸ਼ਾਂ ਵਿਚਕਾਰ ਲੋਕਾਂ ਦੇ ਆਵਾਜਾਈ ਸੰਬੰਧਾਂ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਸੈਰ-ਸਪਾਟੇ ਅਤੇ ਕਾਰੋਬਾਰ ਅਤੇ ਪਰਿਵਾਰਕ ਮੁਲਾਕਾਤਾਂ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਤਣਾਅ ਰਿਹਾ ਸੀ, ਪਰ ਹਾਲੀਆ ਮਹੀਨਿਆਂ ਵਿੱਚ ਸੰਵਾਦ ਅਤੇ ਕੂਟਨੀਤਿਕ ਕੋਸ਼ਿਸ਼ਾਂ ਦੇ ਨਾਲ ਰਿਸ਼ਤਿਆਂ ਵਿੱਚ ਗਰਮਾਹਟ ਆਉਣੀ ਸ਼ੁਰੂ ਹੋ ਗਈ ਮਹਿਸੂਸ ਕੀਤੀ ਜਾ ਸਕਦੀ ਹਾਂ ਹਾਂ ਹੈ।

# ਸਰੀ ਦੇ ਗੁਰਦੁਆਰਿਆਂ ’ਚ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਕੇ ਹੋ ਰਹੀਆਂ ਚੋਰੀਆਂ ਸਬੰਧੀ ਪੁਲਿਸ ਵੱਲੋਂ ਚੇਤਾਵਨੀ ਜਾਰੀ


**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਥਿਤ ਕੁਝ ਗੁਰਦੁਆਰਿਆਂ ਦੇ ਆਲੇ-ਦੁਆਲੇ ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾਕੇ ਅਤੇ ਉਹਨਾਂ ਦਾ ਧਿਆਨ ਭਟਕਾ ਕੇ ਕੀਤੀਆਂ ਜਾ ਰਹੀਆਂ ਚੋਰੀਆਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਣ ਤੋਂ ਬਾਅਦ ਪੁਲਿਸ ਵੱਲੋਂ ਲੋਕਾਂ ਨੂੰ ਚੌਕਸ ਰਹਿਣ ਸਬੰਧੀ ਚੇਤਾਵਨੀ ਜਾਰੀ ਕੀਤੀ ਗਈ ਹੈ। ਸਰੀ ਪੁਲਿਸ ਦੇ ਅਧਿਕਾਰੀਆਂ ਮੁਤਾਬਕ, ਕੁਝ ਅਪਰਾਧੀ ਵਿਅਕਤੀ ਗੁਰਦੁਆਰਿਆਂ ਦੇ ਬਾਹਰ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਜਾਂ ਮਦਦ ਦਾ ਬਹਾਨਾ ਘੜ ਕੇ ਉਨ੍ਹਾਂ ਦਾ ਧਿਆਨ ਭਟਕਾਉਂਦੇ ਹਨ ਅਤੇ ਇਸ ਦੌਰਾਨ ਉਨ੍ਹਾਂ ਦੇ ਬਟੂਏ, ਗਹਿਣੇ ਜਾਂ ਹੋਰ ਕੀਮਤੀ ਸਮਾਨ ਚੋਰੀ ਕਰ ਲੈਂਦੇ ਹਨ। ਪੁਲਿਸ ਨੇ ਦੱਸਿਆ ਕਿ ਹਾਲੀਆ ਦਿਨਾਂ ਵਿੱਚ ਕਈ ਅਜਿਹੀਆਂ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਪੀੜਤ ਵੱਡੀ ਉਮਰ ਦੇ ਵਿਅਕਤੀ ਹਨ। ਕੁਝ ਮਾਮਲਿਆਂ ਵਿੱਚ ਚੋਰ ਝੂਠੀ ਸਹਾਇਤਾ, ਦਿਸ਼ਾ ਪੁੱਛਣ ਜਾਂ ਵਾਹਨ ਸੰਬੰਧੀ ਮਦਦ ਦੇ ਬਹਾਨੇ ਨਾਲ ਨੇੜੇ ਆਉਂਦੇ ਹਨ। ਪੁਲਿਸ ਨੇ ਬਜ਼ੁਰਗਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਣਜਾਣ ਲੋਕਾਂ ਤੋਂ ਸਾਵਧਾਨ ਰਹਿਣ, ਆਪਣਾ ਕੀਮਤੀ ਸਮਾਨ ਸੁਰੱਖਿਅਤ ਢੰਗ ਨਾਲ ਰੱਖਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਸੂਚਨਾ ਪੁਲਿਸ ਨੂੰ ਦੇਣ।ਇਸ ਤੋਂ ਇਲਾਵਾ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਸੰਗਤ ਨੂੰ ਇਸ ਬਾਰੇ ਜਾਣਕਾਰੀ ਦੇਣ ਅਤੇ ਜ਼ਰੂਰਤ ਪੈਣ ’ਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ।

# ਹਾਲੀਵੁੱਡ ਦੇ ਦਿਗਜ ਅਦਾਕਾਰ ਰਾਬਰਟ ਡੁਵਾਲ ਦਾ ਦੇਹਾਂਤ

## 'ਗਾਡ ਫਾਦਰ' ਸਣੇ ਕਈ ਅਹਿਮ ਫਿਲਮਾਂ ਚ ਨਿਭਾਈਆਂ ਸੀ ਯਾਦਗਾਰੀ ਭੂਮਿਕਾਵਾਂ

## ਫਿਲਮ ਜਗਤ ਵਿੱਚ ਸੋਗ ਦੀ ਲਹਿਰ

**ਵੈਨਕੂਵਰ ( ਮਲਕੀਤ ਸਿੰਘ)** – ਹਾਲੀਵੁੱਡ ਦੇ ਮਸ਼ਹੂਰ ਅਤੇ ਦਿਗਜ ਅਦਾਕਾਰ ਰਾਬਰਟ ਡੁਵਾਲ ਦਾ 95 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਇਸ ਦੀ ਪੁਸ਼ਟੀ ਉਨ੍ਹਾਂ ਦੀ ਪਤਨੀ ਲੂਸਿਆਨਾ ਡੁਵਾਲ ਨੇ ਆਪਣੇ ਸੋਸ਼ਲ ਮੀਡੀਆ ਪੇਜ਼ ‘ਤੇ ਜਾਰੀ ਬਿਆਨ ਰਾਹੀਂ ਕੀਤੀ ਲੂਸਿਆਨਾ ਨੇ ਆਪਣੇ ਬਿਆਨ ਵਿੱਚ ਲਿਖਿਆ ਕਿ ਰਾਬਰਟ ਨੇ ਅਮਰੀਕਾ ਦੇ ਵਰਜੀਨੀਆ ਸਥਿਤ ਆਪਣੇ ਘਰ ‘ਚ, ਆਪਣੇ ਪਰਿਵਾਰ ਅਤੇ ਨੇੜੇ ਪਿਆਰਿਆਂ ਦੀ ਮੌਜੂਦਗੀ ਚ ਆਖ਼ਰੀ ਸਾਹ ਲਿਆ। ਰਾਬਰਟ ਡੁਵਾਲ ਨੇ ਛੇ ਦਹਾਕਿਆਂ ਤੋਂ ਵੱਧ ਸਮੇਂ ‘ਚ ਫ਼ਿਲਮੀ ਜਗਤ ਵਿੱਚ ਬੇਮਿਸਾਲ



ਦਿਗਗਜ ਅਦਾਕਾਰ ਰਾਬਰਟ ਡੁਵਾਲ ਦੀ ਪੁਰਾਣੀ ਤਸਵੀਰ।

ਯੋਗਦਾਨ ਦਿੱਤਾ। ਉਹ ਖ਼ਾਸ ਤੌਰ ‘ਤੇ 'ਦ ਗਾਡ ਫਾਦਰ'' ਦੀਆਂ ਫ਼ਿਲਮਾਂ ਵਿਚ ਟੌਮ ਹੈਗਨ ਅਤੇ ਅਪੋਕੈਲਿਪਸ ਨਾਊ ਵਿਚ ਲੇਫਟਿਨੈਂਟ ਕਰਨਲ ਕਿਲਗੋਰ ਵਰਗੀਆਂ ਯਾਦਗਾਰੀ ਭੂਮਿਕਾਵਾਂ ਲਈ ਜਾਣੇ ਜਾਂਦੇ ਰਹੇ। ਫਿਲਮੀ ਖੇਤਰ ਚ ਅਹਿਮ ਪ੍ਰਾਪਤੀਆਂ ਕਰਦਿਆਂ ਉਨ੍ਹਾਂ ਨੇ ਕਈ ਇਨਾਮ ਜਿੱਤੇ ਅਤੇ ਉਹਨਾਂ ਦੀ ਅਦਾਕਾਰੀ ਨੂੰ ਦੁਨੀਆ ਭਰ ਵਿੱਚ ਸਨਮਾਨ ਮਿਲਿਆ। ਦੁਨੀਆ ਭਰ ਵਿੱਚ ਸਿਨੇਮਾ ਪ੍ਰਸ਼ੰਸਕ ਅਤੇ ਸਿਹਤਮੰਦ ਕਲਾਕਾਰਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਹੈ ਉਨਾਂ ਦੇ ਦਿਹਾਂਤ ਦੀ ਖਬਰ ਨਸ਼ਰ ਹੋਣ ਮਗਰੋਂ ਫ਼ਿਲਮੀ ਜਗਤ ਸੋਗ ਦੀ ਲਹਿਰ ਹੈ ਦੌੜ ਗਈ ਹੈ।

# ਲੰਮਾ ਸਮਾਂ ਅੱਖਾਂ ਚ ਰੜਕੇਗਾ ਟੰਬਲਰ ਰਿਜ਼ ਗੋਲਾਬਾਰੀ ਦਾ 'ਖ਼ੂਨੀ ਦੁਖਾਂਤ'

## ਸ਼ਹਿਰ ਵਾਸੀਆਂ ਚ ਅਜੇ ਤੱਕ ਸੋਗ ਦਾ ਮਾਹੌਲ

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਖੇਤਰ ਵਿੱਚ ਸਥਿਤ ਟੰਬਲਰ ਰਿਜ਼ ਸ਼ਹਿਰ ਵਿੱਚ ਪਿਛਲੇ ਹਫਤੇ ਉਥੋਂ ਦੇ ਇੱਕ ਸਕੂਲ ਵਿੱਚ ਵਾਪਰੀ ਭਿਆਨਕ ਗੋਲਾਬਾਰੀ ਦੀ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਅਜੇ ਤੱਕ ਸੋਗ ਦਾ ਮਾਹੌਲ ਸਿਰਜਿਆ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਦਰਦਨਾਕ ਹਾਦਸੇ ਵਿੱਚ ਫੁੱਲਾਂ ਵਰਗੇ 6 ਮਸੂਮ ਬੱਚਿਆਂ ਸਮੇਤ 2 ਹੋਰਨਾਂ ਦੀ ਮੌਤ ਹੋ ਗਈ ਸੀ, ਜਿਸ ਨਾਲ ਪੂਰਾ ਕੈਨੇਡਾ ਹਿਲ ਗਿਆ ਸੀ ਉਕਤ ਦੁਖਦਾਈ ਘਟਨਾ ਤੋਂ ਕੁਝ ਦਿਨ ਬਾਅਦ ਸ਼ਹਿਰ ਵਿੱਚ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਮੇਤ ਕਨੇਡਾ ਦੇ ਹੋਰਨਾਂ ਸਿਆਸੀ ਆਗੂਆਂ ਸਮੇਤ ਸੈਂਕੜੇ ਲੋਕਾਂ ਨੇ ਸ਼ਾਮਲ ਹੋ ਕੇ ਮ੍ਰਿਤਕਾਂ ਨੂੰ ਯਾਦ ਕੀਤਾ। ਲੋਕਾਂ ਵੱਲੋਂ ਫੁੱਲ, ਮੋਮਬੱਤੀਆਂ ਅਤੇ ਖਿਲੌਣੇ ਰੱਖ ਕੇ ਆਪਣੇ ਦੁੱਖ ਅਤੇ ਅਤੇ ਮ੍ਰਿਤਕਾਂ ਦੇ ਸਨਮਾਨ ਦਾ ਪ੍ਰਗਟਾਵਾ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਵੈਸਟ ਮੋਬਰਲੀ ਫਸਟ ਨੇਸ਼ਨਜ਼ ਦੇ ਬਜ਼ੁਰਗ ਜਾਰਜ ਡੈਸਜਾਰਲੇ ਨੇ ਇਸ ਮੌਕੇ ਦੁਆ ਕਰਵਾਈ ਅਤੇ ਲੋਕਾਂ ਨੂੰ ਹੌਸਲਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਸ ਮੁਸ਼ਕਲ ਸਮੇਂ ਵਿੱਚ ਆਪਸੀ ਸਹਿਯੋਗ ਅਤੇ ਪਿਆਰ ਹੀ ਸਭ ਤੋਂ ਵੱਡੀ ਤਾਕਤ ਹੈ। ਸਥਾਨਕ ਵਸਨੀਕਾਂ ਨੇ ਦੱਸਿਆ ਕਿ ਇਹ ਘਟਨਾ ਸਮੁੱਚੇ ਕਨੇਡਾ ਦੇ ਸਾਰੇ ਭਾਈਚਾਰਿਆਂ ਅਤੇ ਸਾਰੀਆਂ


ਟੰਬਲਰ ਰਿਜ਼ ਵਿੱਚ ਗੋਲਾਬਾਰੀ ਦੇ ਮ੍ਰਿਤਕਾਂ ਦੀ ਯਾਦ ਵਿੱਚ ਲਗਾਏ ਗਏ ਫੁੱਲ, ਮੋਮਬੱਤੀਆਂ ਅਤੇ ਖਿਲੌਣਿਆਂ ਅੱਗੇ ਸ਼ਰਧਾਂਜਲੀ ਭੇਟ ਕਰਦਾ ਇੱਕ ਨਿਵਾਸੀ।

ਕਮਿਊਨਿਟੀਆਂ ਲਈ ਇੱਕ ਵੱਡਾ ਝਟਕਾ ਸੀ ਜਿਸ ਮਗਰੋਂ ਲੋਕ ਇਕ-ਦੂਜੇ ਦਾ ਸਾਥ ਦੇ ਕੇ ਹੌਂਸਲੇ ਨਾਲ ਅੱਗੇ ਵਧਣ ਲਈ ਯਤਨਸ਼ੀਲ ਹਨ।
ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਪੀੜਤ ਪਰਿਵਾਰਾਂ ਲਈ ਮਨੋਵਿਗਿਆਨਕ ਸਹਾਇਤਾ ਅਤੇ ਕੌਂਸਲਿੰਗ ਸੇਵਾਵਾਂ ਵੀ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਨਾਲ ਹੀ, ਸਕੂਲਾਂ ਅਤੇ ਕਮਿਊਨਿਟੀ ਕੇਂਦਰਾਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।
ਇਸ ਦੁੱਖਦਾਈ ਘਟਨਾ ਦੇ ਬਾਵਜੂਦ, ਟੰਬਲਰ ਰਿਜ਼ ਦੇ ਵਸਨੀਕਾਂ ਵੱਲੋਂ ਦਿਖਾਇਆ ਗਿਆ ਆਪਸੀ ਪਿਆਰ ਅਤੇ ਇਕਜੁਟਤਾ ਸਮੁੱਚੀ ਮਨੁੱਖਤਾ ਦੀ ਇੱਕ ਨਵੀਂ ਮਿਸਾਲ ਬਣ ਕੇ ਸਾਹ-ਮਣੇ ਆਈ ਹੈ।

# ਸਿੱਖਣ ਦੀ ਪ੍ਰਕਿਰਿਆ

ਜ਼ਿੰਦਗੀ ਅਸਲ ਵਿੱਚ ਇੱਕ ਲੰਮੀ ਅਤੇ ਗੁੰਝਲਦਾਰ ਯਾਤਰਾ ਹੈ, ਜਿਸਦੀ ਅਸਲ ਭਾਵਨਾ "ਸਿੱਖਣ" ਦੀ ਪ੍ਰਕਿਰਿਆ ਵਿੱਚ ਹੈ। ਜਨਮ ਤੋਂ ਲੈ ਕੇ ਆਖਰੀ ਸਾਹ ਤੱਕ, ਇੱਕ ਵਿਅਕਤੀ ਕਿਸੇ ਨਾ ਕਿਸੇ ਰੂਪ ਵਿੱਚ ਸਿੱਖਣ ਅਤੇ ਸਿਖਾਉਣ ਦੀ ਪ੍ਰਕਿਰਿਆ ਵਿੱਚੋਂ ਲੰਘਦਾ ਹੈ। ਇਹ ਪ੍ਰਕਿਰਿਆ ਕਿੰਨੀ ਵੀ ਸਰਲ ਕਿਉਂ ਨਾ ਲੱਗੇ,ਅਸਲ ਵਿੱਚ ਇਹ ਇੱਕ ਨਿਰੰਤਰ ਅਤੇ ਡੂੰਘੀ ਸੰਘਰਸ਼ ਹੈ।
ਅਸੀਂ ਬਚਪਨ ਵਿੱਚ ਆਪਣੇ ਮਾਪਿਆਂ ਤੋਂ ਸਿੱਖਦੇ ਹਾਂ, ਫਿਰ ਅਸੀਂ ਆਪਣੇ ਅਧਿਆਪਕ ਦੇ ਸ਼ਬਦਾਂ ਤੋਂ ਗਿਆਨ ਪ੍ਰਾਪਤ ਕਰਦੇ ਹਾਂ । ਸਮਾਂ ਅਤੇ ਹਾਲਾਤ ਸਾਨੂੰ ਹੋਰ ਸਿਖਾਉਂਦੇ ਹਨ ਅਤੇ ਅੰਤ ਵਿੱਚ ਜੀਵਨ ਦੇ ਅਨੁਭਵ, ਸਾਡੀ ਸਭ ਤੋਂ ਵੱਡੀ ਵਿਸ਼ਵ ਵਿਦਿਆਲਾ ਸਾਬਤ ਹੁੰਦੇ ਹਨ। ਇਸ ਤਰ੍ਹਾਂ, ਸਿੱਖਣ ਦੀ ਇਹ ਯਾਤਰਾ ਕਦੇ ਵੀ ਇੱਕ ਜਗ੍ਹਾ 'ਤੇ ਨਹੀਂ ਰੁਕਦੀ, ਸਗੋਂ ਨਿਰੰਤਰ ਅੱਗੇ ਵਧਦੀ ਰਹਿੰਦੀ ਹੈ। ਮਨੁੱਖ ਆਪਣੇ ਨਿਰੀਖਣਾਂ ਅਤੇ ਅਨੁਭਵਾਂ ਨਾਲ ਹਰ ਪਲ ਇੱਕ ਨਵਾਂ ਸਬਕ ਸਿੱਖਦਾ ਹੈ, ਜਿਵੇਂ ਕਿ ਇਸ ਬ੍ਰਹਿਮੰਡ ਵਿੱਚ ਹਰ ਚੀਜ਼ ਇੱਕ ਅਧਿਆਪਕ ਹੈ ਅਤੇ ਹਰ ਦ੍ਰਿਸ਼ ਇੱਕ ਕਿਤਾਬ ਹੈ।
ਪਰ ਅਸਲ ਸਵਾਲ ਇਹ ਹੈ ਕਿ ਸਿੱਖਣ ਦੀ ਪ੍ਰਕਿਰਿਆ ਕਿੱਥੇ ਖਤਮ ਹੁੰਦੀ ਹੈ? ਕੀ ਕੋਈ ਅਜਿਹੀ ਜਗ੍ਹਾ ਹੈ, ਜਿੱਥੇ ਕੋਈ ਵਿਅਕਤੀ ਦਾਅਵਾ ਕਰ ਸਕਦਾ ਹੈ ਕਿ ਉਸਨੇ ਸਭ ਕੁਝ ਸਿੱਖ ਲਿਆ ਹੈ? ਇੱਥੇ ਮਨੁੱਖੀ ਹੰਕਾਰ ਦਾ ਪਰਦਾ ਖੁੱਲ੍ਹ ਜਾਂਦਾ ਹੈ। ਕਿਉਂਕਿ ਜਿਵੇਂ ਹੀ ਕੋਈ ਇਹ ਸੋਚਣਾ ਸ਼ੁਰੂ ਕਰਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ, ਸਿੱਖਣ ਦਾ ਦਰਵਾਜ਼ਾ ਉਸ ਲਈ ਬੰਦ ਹੋ ਜਾਂਦਾ ਹੈ। ਦਰਅਸਲ, ਗਿਆਨ ਦਾ ਸਮੁੰਦਰ ਇੰਨਾ ਵਿਸ਼ਾਲ ਹੈ ਕਿ ਇਸਦੇ ਕਿਨਾਰੇ ਤੱਕ ਪਹੁੰਚਣ ਲਈ ਇੱਕ ਜੀਵਨ ਕਾਲ ਵੀ ਕਾਫ਼ੀ ਨਹੀਂ ਹੈ।
ਗਿਆਨ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਅਸੀਂ ਜਿੰਨਾ ਜ਼ਿਆਦਾ ਜਾਣਦੇ ਹਾਂ, ਓਨਾ ਹੀ ਸਾਡੀ ਅਗਿਆਨਤਾ ਦੀ ਭਾਵਨਾ ਵਧਦੀ ਜਾਂਦੀ ਹੈ। ਇਸੇ ਲਈ ਦਾਰਸ਼ਨਿਕਾਂ ਨੇ ਕਿਹਾ ਹੈ: "ਮੈਂ ਕੁਝ ਨਹੀਂ ਜਾਣਦਾ।" ਦਰਅਸਲ, ਸਿੱਖਣਾ ਸਾਡੀ ਅਗਿਆਨਤਾ ਨੂੰ ਪਛਾਣਨ ਅਤੇ ਆਪਣੇ ਆਪ ਦੇ ਪਰਦੇ ਹਟਾਉਣ ਦਾ ਨਾਮ ਹੈ। ਹਰ ਸਵਾਲ ਇੱਕ ਨਵੀਂ ਦੁਨੀਆਂ ਦਾ ਦਰਵਾਜ਼ਾ ਹੈ ਅਤੇ ਹਰ ਜਵਾਬ ਇੱਕ ਨਵੇਂ ਸਵਾਲ ਦਾ ਜਾਣ-ਪਛਾਣ ਹੈ।
ਸੂਫ਼ੀਆਂ ਨੇ ਇਸ ਸੱਚਾਈ ਨੂੰ ਬਹੁਤ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ। ਉਨ੍ਹਾਂ ਦੇ ਅਨੁਸਾਰ, ਸਿੱਖਣ ਦੀ ਯਾਤਰਾ ਸਿਰਫ਼ ਸ਼ਬਦਾਂ ਅਤੇ ਕਿਤਾਬਾਂ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਆਪਣੇ ਆਪ ਨੂੰ ਪਛਾਣਨ, ਆਪਣੇ ਪ੍ਰਭੂ ਨੂੰ ਪਛਾਣਨ ਅਤੇ ਬ੍ਰਹਿਮੰਡ ਦੇ ਰਹੱਸਾਂ ਨੂੰ ਸਮਝਣ ਦੀ ਯਾਤਰਾ ਹੈ। ਉਹ ਕਹਿੰਦੇ ਹਨ: "ਜਿਸਨੇ ਆਪਣੇ ਆਪ ਨੂੰ ਪਛਾਣ ਲਿਆ ਹੈ, ਉਸਨੇ ਆਪਣੇ ਪ੍ਰਭੂ ਨੂੰ ਪਛਾਣ ਲਿਆ ਹੈ।" ਇਹ ਵਾਕ ਅਸਲ ਵਿੱਚ ਦਰਸਾਉਂਦਾ ਹੈ ਕਿ ਸਿੱਖਣ ਦਾ ਸਭ ਤੋਂ ਉੱਚਾ ਪੱਧਰ ਆਪਣੇ ਆਪ ਨੂੰ ਪਛਾਣਨਾ ਅਤੇ ਸੱਚ ਦੀ ਖੋਜ ਹੈ।
ਮਨੁੱਖੀ ਬੁੱਧੀ ਦੀ ਇੱਕ ਸੀਮਾ ਹੈ। ਇੱਕ ਵਿਅਕਤੀ ਆਪਣੇ ਅਨੁਭਵ, ਆਪਣੀ ਸੋਚ ਅਤੇ ਆਪਣੇ ਗਿਆਨ ਦੀ ਰੌਸ਼ਨੀ ਵਿੱਚ ਬਿਹਤਰ ਫੈਸਲੇ ਲੈ ਸਕਦਾ ਹੈ, ਪਰ ਉਹ "ਵਿਆਪਕ ਬੁੱਧੀ" ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਦੁਨੀਆਂ ਵਿੱਚ ਬਹੁਤ ਸਾਰੇ ਵਿਗਿਆਨ ਅਤੇ ਬਹੁਤ ਸਾਰੇ ਸੰਸਾਰ ਹਨ, ਜਿਨ੍ਹਾਂ ਤੱਕ ਅਸੀਂ ਅੱਜ ਵੀ ਨਹੀਂ ਪਹੁੰਚ ਸਕਦੇ, ਪਰ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਇਹ ਪ੍ਰਗਟ ਹੋ ਜਾਣ। ਇਸ ਬ੍ਰਹਿਮੰਡ ਦੇ ਹਰ ਕਣ ਵਿੱਚ ਇੱਕ ਨਵਾਂ ਸਬਕ ਛੁਪਿਆ ਹੋਇਆ ਹੈ। ਹਵਾ ਦੀ ਕੋਮਲਤਾ, ਪਾਣੀ ਦਾ ਵਹਾਅ, ਪਹਾੜ ਦੀ ਤਾਕਤ ਅਤੇ ਮਾਰੂਥਲ ਦੀ ਵਿਸ਼ਾਲਤਾ - ਸਭ ਕੁਝ ਮਨੁੱਖ ਨੂੰ ਚੁੱਪ-ਚਾਪ ਸਿਖਾਉਂਦਾ ਹੈ।
ਇੱਥੇ ਇੱਕ ਵੱਡੀ ਸੱਚਾਈ ਇਹ ਵੀ ਹੈ ਕਿ ਸਿੱਖਣ ਦੀ ਪ੍ਰਕਿਰਿਆ ਸਿਰਫ ਉਨ੍ਹਾਂ ਲਈ ਜਾਰੀ ਰਹਿੰਦੀ ਹੈ, ਜੋ ਨਿਮਰਤਾ ਨਾਲ ਗਿਆਨ ਦੀ ਭਾਲ ਕਰਦੇ ਹਨ।
ਹੰਕਾਰ ਸਭ ਤੋਂ ਵੱਡੀ ਰੁਕਾਵਟ ਹੈ । ਜਿਵੇਂ ਹੀ ਕੋਈ ਮਨੁੱਖ ਸੋਚਦਾ ਹੈ ਕਿ ਉਸਨੇ ਹੁਣ ਸਭ ਕੁਝ ਸਿੱਖ ਲਿਆ ਹੈ, ਉਹ ਗਿਆਨ ਦੀ ਸਭ ਤੋਂ ਵੱਡੀ ਦੌਲਤ ਤੋਂ ਵਾਂਝਾ ਹੋ ਜਾਂਦਾ ਹੈ।
ਮਨੁੱਖ ਦੀ ਅਸਲ ਯਾਤਰਾ ਬ੍ਰਹਿਮੰਡ ਨਾਲੋਂ ਉਸਦੇ ਅੰਦਰੂਨੀ ਸਵਰੂਪ ਦੀਆਂ ਡੂੰਘਾਈਆਂ ਵੱਲ ਵਧੇਰੇ ਹੈ। ਇਹ ਯਾਤਰਾ ਉਸਦੇ ਲਈ ਨਵੀਆਂ ਦੁਨੀਆ ਖੋਲ੍ਹਦੀ ਹੈ, ਇਹ ਵਿਕਾਸ ਦੀ ਗਰੰਟੀ ਹੈ। ਹਰ ਮਨੁੱਖ ਅਸਲ ਵਿੱਚ ਆਪਣੇ ਆਪ ਦਾ ਯਾਤਰੀ ਹੈ, ਜੋ ਬਾਹਰੀ ਦੁਨੀਆਂ ਨੂੰ ਜਿੰਨਾ ਜ਼ਿਆਦਾ ਉਹ ਆਪਣੇ ਅੰਦਰ ਦੇਖਦਾ ਹੈ, ਓਨਾ ਹੀ ਬਿਹਤਰ ਸਮਝਦਾ ਹੈ।ਰੂਹਾਨੀ ਪੱਧਰ ਉਪਰ ਜੀਵਨ ਸਫਲ ਕਰਨ ਵਾਲਾ,ਇਹ ਵਾਕ ਅਨਮੋਲ ਹੈ:
"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" ।
ਸਿੱਖਣ ਦੀ ਯਾਤਰਾ ਅਸਲ ਵਿੱਚ ਇੱਕ ਅਜਿਹੀ ਨਦੀ ਹੈ, ਜਿਸਦਾ ਕੋਈ ਅੰਤ ਨਹੀਂ ਹੈ। ਇੱਕ ਤੋਂ ਬਾਅਦ ਇੱਕ ਲਹਿਰ, ਇੱਕ ਤੋਂ ਬਾਅਦ ਇੱਕ ਕਿਨਾਰਾ ਅਤੇ ਹਰ ਕੰਢੇ 'ਤੇ, ਇੱਕ ਨਵਾਂ ਦ੍ਰਿਸ਼, ਇੱਕ ਨਵਾਂ ਅਨੁਭਵ ਅਤੇ ਇੱਕ ਨਵਾਂ ਸਬਕ ਇੱਕ ਵਿਅਕਤੀ ਦੀ ਉਡੀਕ ਕਰਦਾ ਹੈ। ਇਸ ਯਾਤਰਾ ਵਿੱਚ ਰੁਕਣਾ ਪਤਨ ਦਾ ਅਰਥ ਹੈ, ਜਦੋਂ ਕਿ ਨਿਰੰਤਰ ਪਿੱਛਾ ਵਿਕਾਸ ਹੈ।
ਇਸ ਲਈ, ਸਾਨੂੰ ਸਿੱਖਣਾ ਆਪਣੇ ਜੀਵਨ ਦਾ ਆਦਰਸ਼ ਬਣਾਉਣਾ ਚਾਹੀਦਾ ਹੈ। ਸਿੱਖਣ ਨੂੰ ਰਸਮੀ ਸਿੱਖਿਆ ਜਾਂ ਕੁਝ ਕਿਤਾਬਾਂ ਤੱਕ ਸੀਮਤ ਨਾ ਰੱਖੋ, ਸਗੋਂ ਹਰ ਦਿਨ, ਹਰ ਪਲ ਅਤੇ ਹਰ ਘਟਨਾ ਨੂੰ ਇੱਕ ਜ਼ਿੰਦਗੀ ਦੀ ਬਿਹਤਰੀ ਲਈ ਸਬਕ ਸਮਝੋ। ਆਪਣੀਆਂ ਅਸਫਲਤਾਵਾਂ ਦੇ ਨਾਲ-ਨਾਲ ਦੂਜਿਆਂ ਦੀਆਂ ਸਫਲਤਾਵਾਂ ਤੋਂ ਵੀ ਸਿੱਖੋ।
ਜੇ ਸਹੀ ਸੋਚੀਏ ਅਤੇ ਸਮਝੀਏ ਤਾਂ ਸਿੱਖਣ ਦੀ ਯਾਤਰਾ ਕਦੇ ਵੀ ਪੂਰੀ ਨਹੀਂ ਹੁੰਦੀ। ਇਹ ਇੱਕ ਅਧੂਰੀ ਦੁਨੀਆਂ ਹੈ, ਹਰ ਦਰਵਾਜ਼ੇ 'ਤੇ ਇੱਕ ਨਵਾਂ ਸਬਕ/ਪਾਠ, ਹਰ ਮੋੜ 'ਤੇ ਇੱਕ ਨਵੀਂ ਹਕੀਕਤ ਅਤੇ ਹਰ ਮੰਜ਼ਿਲ 'ਤੇ ਇੱਕ ਨਵੀਂ ਦੁਨੀਆਂ ਸਾਡੀ ਉਡੀਕ ਕਰ ਰਹੀ ਹੈ। ਦਾਰਸ਼ਨਿਕਾਂ ਦੇ ਅਨੁਸਾਰ: "ਹਰ ਸਵਾਲ ਇੱਕ ਨਵਾਂ ਦਰਵਾਜ਼ਾ ਖੋਲ੍ਹਦਾ ਹੈ ਅਤੇ ਹਰ ਜਵਾਬ ਇੱਕ ਨਵੀਂ ਯਾਤਰਾ ਦੀ ਸ਼ੁਰੂਆਤ ਹੈ।" ਅਤੇ ਸ਼ਾਇਦ ਇਹੀ ਜ਼ਿੰਦਗੀ ਦੀ ਅਸਲ ਸੁੰਦਰਤਾ ਹੈ ਕਿ ਸਿੱਖਣ ਦੀ ਪ੍ਰਕਿਰਿਆ ਕਦੇ ਖਤਮ ਨਹੀਂ ਹੁੰਦੀ।



ਸੁਰਜੀਤ ਸਿੰਘ ਭੁੱਲਰ

# ਸ੍ਰੀ ਰਾਮ ਕਾਲਜ ਡੱਲਾ ਵਿਖੇ 21 ਫਰਵਰੀ ਨੂੰ ਸਜੇਗੀ ਸਾਹਿਤਕ ਮਹਿਫ਼ਲ, 'ਹਵਾਲਾਤ' ਨਾਵਲ 'ਤੇ ਹੋਵੇਗੀ ਗੋਸ਼ਟੀ

**ਲੁਧਿਆਣਾ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਜਗਤ ਦੇ ਵਿਹੜੇ ਵਿੱਚ ਇੱਕ ਹੋਰ ਖ਼ੁਸ਼ਗਵਾਰ ਖ਼ਬਰ ਦਸਤਕ ਦੇ ਰਹੀ ਹੈ। ਆਪਣੀ ਪਲੇਠੀ ਰਚਨਾ 'ਹਵਾਲਾਤ' ਰਾਹੀਂ ਪਾਠਕਾਂ ਦੇ ਦਿਲਾਂ ਵਿੱਚ ਗੂੜ੍ਹੀ ਪਛਾਣ ਬਣਾਉਣ ਵਾਲੇ ਨਾਵਲਕਾਰ ਜਸਵਿੰਦਰ ਸਿੰਘ ਛਿੰਦਾ ਦਾ ਇਹ ਨਾਵਲ ਹੁਣ ਤੀਜੀ ਵਾਰ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਸਨਮੁੱਖ ਹੋਣ ਜਾ ਰਿਹਾ ਹੈ। ਅਲਫ਼ਾਜ਼ ਪ੍ਰਕਾਸ਼ਨ ਵੱਲੋਂ ਬੜੀ ਰੀਝ ਨਾਲ ਛਾਪੇ ਗਏ ਇਸ ਨਾਵਲ ਦੇ ਤੀਜੇ ਐਡੀਸ਼ਨ ਦਾ ਲੋਕ ਅਰਪਣ ਸਮਾਗਮ 21 ਫਰਵਰੀ ਨੂੰ ਸ੍ਰੀ ਰਾਮ ਕਾਲਜ ਡੱਲਾ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਸਾਹਿਤਕ ਮਿਲਣੀ 'ਅੰਤਰਰਾਸ਼ਟਰੀ ਮਾਤ ਭਾਸ਼ਾ ਪੰਜਾਬੀ ਦਿਵਸ' ਦੇ ਸ਼ੁਭ ਅਵਸਰ ਨੂੰ ਸਮਰਪਿਤ ਕੀਤੀ ਗਈ ਹੈ, ਜੋ ਮਾਂ-ਬੋਲੀ ਪ੍ਰਤੀ ਲੇਖਕ ਦੀ ਅਕੀਦਤ ਨੂੰ ਦਰਸਾਉਂਦੀ ਹੈ।

ਇਸ ਸਮਾਗਮ ਦੀ ਮਹੱਤਤਾ ਬਾਰੇ ਵਿਸਥਾਰ ਦਿੰਦਿਆਂ ਮਹਿਫ਼ਲ-ਏ-ਅਦੀਬ ਜਗਰਾਓਂ ਦੇ ਪ੍ਰਧਾਨ ਜਗਦੀਸ਼ਪਾਲ ਮਹਿਤਾ, ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਦੇ ਪ੍ਰਧਾਨ ਰਣਪਾਲ ਸਿੰਘ ਚੱਕਰ ਅਤੇ ਪ੍ਰਿੰਸੀਪਲ ਪ੍ਰਭਜੀਤ ਸਿੰਘ ਨੇ ਦੱਸਿਆ ਕਿ 'ਹਵਾਲਾਤ' ਨਾਵਲ ਨੂੰ ਮਿਲੇ ਭਰਵੇਂ ਹੁੰਗਾਰੇ ਸਦਕਾ ਹੀ ਇਸ ਦੀ ਮੁੜ ਛਪਾਈ ਸੰਭਵ ਹੋ ਸਕੀ ਹੈ। ਸਮਾਗਮ ਦੌਰਾਨ ਜਿੱਥੇ ਪੁਸਤਕ ਰਿਲੀਜ਼ ਕੀਤੀ ਜਾਵੇਗੀ, ਉੱਥੇ ਹੀ ਨਾਵਲ ਦੇ ਗੂੜ੍ਹੇ ਵਿਸ਼ਿਆਂ ਅਤੇ ਸਮਾਜਿਕ ਸਰੋਕਾਰਾਂ 'ਤੇ ਗੰਭੀਰ ਵਿਚਾਰ-ਚਰਚਾ ਦਾ ਦੌਰ ਵੀ ਚੱਲੇਗਾ।ਇਸ ਰੂਹਾਨੀ ਸਾਹਿਤਕ ਮਹਿਫ਼ਲ ਵਿੱਚ ਪੰਜਾਬੀ ਸਾਹਿਤ ਦੇ ਦਿੱਗਜ ਹਸਤਾਖਰ ਸ਼ਿਰਕਤ ਕਰਨਗੇ। ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ(ਕਨੂੰਨੀ ਬਾਈ ਜੀ)ਸੂਖਮ ਬੁੱਧੀ ਦੇ ਮਾਲਕ ਆਲੋਚਕ ਨਿਰੰਜਣ ਬੋਹਾ ਅਤੇ ਕਲਮ ਦੇ ਧਨੀ ਗੀਤਕਾਰ ਰਾਜ ਕਾਕੜ ਸਿੰਘ ਵਾਲਾ ਆਪਣੀ ਹਾਜ਼ਰੀ ਲਗਵਾ ਕੇ ਇਸ ਸਮਾਗਮ ਨੂੰ ਚਾਰ ਚੰਨ ਲਗਾਉਣਗੇ। ਇਹਨਾਂ ਤੋਂ ਇਲਾਵਾ ਇਲਾਕੇ ਦੇ ਅਨੇਕਾਂ ਸਿਰਕੜੀ ਸਾਹਿਤਕਾਰ ਅਤੇ ਕਲਮਕਾਰ ਇਸ ਸਮਾਗਮ ਦਾ ਹਿੱਸਾ ਬਣ ਕੇ ਸਾਹਿਤਕ ਗੋਸ਼ਟੀ ਨੂੰ ਅੱਗੇ ਵਧਾਉਣਗੇ। ਪ੍ਰਬੰਧਕਾਂ ਨੇ ਸਮੂਹ ਸਾਹਿਤ ਪ੍ਰੇਮੀਆਂ ਨੂੰ ਸਵੇਰੇ 10 ਵਜੇ ਇਸ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ ਤਾਂ ਜੋ ਮਾਤ ਭਾਸ਼ਾ ਅਤੇ ਸਾਹਿਤ ਦੇ ਇਸ ਜਸ਼ਨ ਨੂੰ ਰਲ-ਮਿਲ ਕੇ ਮਨਾਇਆ ਜਾ ਸਕੇ।



ਮਿੱਤਰ ਸੈਨ ਮੀਤ, ਨਿਰੰਜਣ ਬੋਹਾ, ਰਾਜ ਕੋਹਰ ਸਿਊਂ ਵਾਲਾ ਅਤੇ ਨਾਵਲਕਾਰ ਜਸਵਿੰਦਰ ਸਿੰਘ ਛਿੰਦਾ

# ਪਿੰਡ ਬਾਦਲ ਨੂੰ ਜਾਣ ਵਾਲੀ ਸੜਕ ਦੇ ਮੰਦੇ ਹਾਲ

**ਬਠਿੰਡਾ ਦੀਪਿਕਾ ਸ਼ਰਮਾ**

ਪੰਜ ਵਾਰੀ ਪੰਜਾਬ ਦੇ ਮੁੱਖ-ਮੰਤਰੀ ਰਹਿ ਚੁੱਕੇ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਨੂੰ ਜਾਂਦੀ ਬਠਿੰਡਾ -ਬਾਦਲ ਸੜਕ ਉੱਪਰ ਚੱੜਦੇ ਸੂਰਜ ਨੂੰ ਸਲਾਮਾ ਵਾਲੀ ਕਹਾਵਤ ਪੂਰੀ ਢੁੱਕਵੀ ਹੈ। ਜਦੋਂ ਪੰਜਾਬ ਵਿੱਚ ਸਵਰਗ ਵਾਸੀ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਸੀ। ਉਸ ਸਮੇਂ ਬਠਿੰਡਾ ਤੋਂ ਬਾਦਲ ਲੰਬੀ ਜਾਣ ਵਾਲੀ ਸੜਕ ਨੂੰ ਵਿਆਦੜ ਵਾਂਗ ਸਜਾਇਆ ਜਾਂਦਾ ਸੀ। ਇਸ ਸੜਕ ਉੱਪਰ ਦਰਜਨ ਤੋਂ ਵੱਧ ਵਿਅਕਤੀ ਕੰਮ ਲੱਗੇ ਰਹਿੰਦੇ ਸਨ ਜੋ ਇਹ ਸੜਕ ਉੱਪਰ ਲੱਗੇ ਕਲੇਰ ਦੇ ਬੂਟਿਆਂ ਦੀ ਕਾਂਟ ਛਾਂਟ ਕਰਦੇ ਸਨ,





ਬੂਟਿਆਂ ਨੂੰ ਪਾਣੀ ਦਿੰਦੇ ਸਨ , ਉਹਨਾਂ ਉੱਪਰ ਕਲੀ ਦਾ ਪੋਚਾ ਮਾਰਦੇ ਸਨ। ਬੂਟਿਆਂ ਨੂੰ ਪਾਣੀ ਦੇਣ ਲਈ ਟਰੈਕਟਰ ਪਿੱਛੇ ਟੈਂਕੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀ ਹੁੰਦੀ ਸੀ।ਇਸੇ ਤਰ੍ਹਾਂ ਇਹ ਸੜਕ ਉੱਪਰ ਟਰੈਫਿਕ ਸਬੰਧੀ ਨਿਸ਼ਾਨ ਵੀ ਸਾਰੀ ਸੜਕ ਉੱਪਰ ਲਗਾਏ ਹੋਏ ਸਨ। ਰਾਤ ਨੂੰ ਜਦੋਂ ਰਿਫੈਕਟਰ ਚਮਕਦੇ ਸਨ ਤਾਂ ਵੱਖਰਾ ਹੀ ਨਜ਼ਾਰਾ ਵੇਖਣ ਨੂੰ ਬਣਦਾ ਸੀ। ਪਰ ਹੁਣ ਹਾਲਤ ਬਿਲਕੁਲ ਬਦਲ ਚੁੱਕੇ ਹਨ। ਇਸ ਸਮੇਂ ਇਹ ਸੜਕ ਹਲੋ-ਬੇਹਾਲ ਹੋ ਚੁੱਕੀ ਹੈ। ਸੜਕ ਦੇ ਵਿਚਕਾਰ ਲਗਾਏ ਕਨੇਰ ਦੇ ਬੂਟੇ ਦੋ- ਦੋ ਕਿਲੋਮੀਟਰ ਬਾਅਦ ਦਿਖਾਈ ਪੈਂਦੇ ਹਨ। ਇਸ ਦੇ ਉਲਟ ਸੜਕ ਦੇ ਵਿਚਕਾਰ ਅੱਕ, ਕਿੱਕਰਾਂ ਆਦਿ ਉਘ ਚੁੱਕੇ ਹਨ। ਟਰੈਫਿਕ ਦੇ ਨਿਸ਼ਾਨ ਵਾਲੇ ਬੋਰਡ ਵੀ ਨਸੇੜੀ ਪੁੱਟ ਕੇ ਲੈ ਗਏ ਹਨ। ਇਸ ਸਮੇਂ ਸੜਕ ਦੇ ਵਿਚਕਾਰ ਕੇਵਲ ਸੁੱਕ ਚੁੱਕਾ ਘਾਹ ਹੀ ਨਜ਼ਰ ਹੀ ਪੈਂਦਾ ਹੈ। ਸੜਕ ਦੇ ਉੱਪਰ ਚਿੱਟੇ ਰੰਗ ਨਾਲ ਲਗਾਏ ਟਰੈਫਿਕ ਦੇ ਨਿਸ਼ਾਨ ਵੀ ਸਮੇਂ ਨਾਲ ਫਿੱਕੇ ਪੈ ਚੁੱਕੇ ਹਨ। ਪਿੰਡ ਬਾਦਲ ਵਿੱਚ ਵੀ ਹੁਣ ਪਹਿਲਾਂ ਵਾਲੇ ਰੰਗ ਵੇਖਣ ਨੂੰ ਨਹੀਂ ਮਿਲ ਰਹੇ।




# ਵਿਸ਼ੇਸ਼ ਤੌਰ ਤੇ ਪੰਜਾਬੀ ਲਿਖਾਰੀਆਂ ਲਈ ਖਾਸ ਸੁਝਾਅ

ਮਾਂ ਦੀ ਗੋਦ ਵਿੱਚ ਬੈਠ ਕੇ ਸਿੱਖੀ ਬੋਲੀ ਮਾਂ ਬੋਲੀ ਕਹਾਉਂਦੀ ਹੈ । ਇਹ ਮਾਂ ਹੀ ਹੁੰਦੀ ਹੈ ਜਿਹੜੀ ਸਾਡੀ ਤੋਤਲੀ ਬੋਲੀ ਨੂੰ ਸਮਝਣ ਸਮਝਾਉਣ ਲਈ ਸਾਡੇ ਸੰਗ ਆਪ ਤੋਤਲੀ ਬੋਲਦੀ ਹੈ । ਪਸ਼ੂ ਪੰਛੀਆਂ ਸਮੇਤ ਸਾਰੇ ਜਾਨਦਾਰ ਆਪੋ ਆਪਣੀ ਬੋਲੀ ਵਿੱਚ ਇੱਕ ਦੂਜੇ ਨਾਲ ਗੁਫਤਗੂ ਕਰਦੇ ਹਨ ਅਤੇ ਆਪਣੀ ਮਾਂ ਬੋਲੀ ਨੂੰ ਪਿਆਰਦੇ ਹਨ । ਕਿਹਾ ਜਾਂਦਾ ਹੈ ਕਿ ਹਰ ਬਾਰਾਂ ਕੋਹਾਂ ਬਾਅਦ ਬੋਲੀ ਬਦਲ ਜਾਂਦੀ ਹੈ ਇਸੇ ਲਈ ਦੇਸ਼ਾਂ ਕੌਮਾਂ ਦੀਆਂ ਆਪੋ ਆਪਣੀਆਂ ਬੋਲੀਆਂ ਹਨ । ਕਈ ਬੋਲੀਆਂ ਜਿਨ੍ਹਾਂ ਵਿੱਚ ਅੰਗਰੇਜ਼ੀ ਦਾ ਨਾਂ ਜ਼ਿਕਰਯੋਗ ਹੈ ,ਨੂੰ ਪੜ੍ਹੇ ਲਿਖੇ ਲੋਕ ਸੰਪਰਕ ਬੋਲੀ ਦੇ ਤੌਰ ਤੇ ਵਰਤਦੇ ਹਨ । ਦੁਨੀਆਂ ਉੱਤੇ ਲੱਗ ਭੱਗ 7000 ਬੋਲੀਆਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਪੰਜਾਬੀ 154- 155 ਮਿਲੀਅਨ ਲੋਕਾਂ ਦੁਆਰਾ ਬੋਲੀ ਜਾਂਦੀ ਹੈ ।


ਸਾਰੀਆਂ ਹੀ ਬੋਲੀਆਂ ਬੋਲਣ ਵਾਲੇ ਆਪੋ ਆਪਣੀ ਬੋਲੀ ਦੀ ਤਰੱਕੀ ਵਾਸਤੇ ਯਤਨਸ਼ੀਲ ਰਹਿੰਦੇ ਹਨ । ਪੰਜਾਬੀ ਪਿਆਰੇ ਵੀ ਪੰਜਾਬੀ ਦੇ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ । ਕਈ ਅਦਾਰੇ ਜਿਨ੍ਹਾਂ ਵਿੱਚੋਂ ਪੰਜਾਬੀ ਯੂਨੀਵਰਸਿਟੀ ਦਾ ਨਾਂ ਜ਼ਿਕਰਯੋਗ ਹੈ , ਦੀ ਸਥਾਪਨਾ ਹੀ ਪੰਜਾਬੀ ਦੀ ਉੱਨਤੀ ਅਤੇ ਵਿਕਾਸ ਦੇ ਮਕਸਦ ਨਾਲ ਕੀਤੀ ਗਈ ਸੀ । ਪੰਜਾਬੀ ਨੂੰ ਪੰਜਾਬ ਸਰਕਾਰ ਦੀ ਰਾਜ ਭਾਸ਼ਾ ਬਣਾਉਣ ਲਈ ਰਾਜ ਭਾਸ਼ਾ ਐਕਟ 1967 ਵੀ 29 ਦਿਸੰਬਰ 1967 ਤੋਂ ਲਾਗੂ ਹੈ

ਸੂਚਨਾ ਤਕਨੀਕ ਦੀ ਉੱਨਤੀ ਦੇ ਨਾਲ ਕਿਤਾਬਾਂ ਪੜ੍ਹਨ ਦਾ ਰੁਝਾਨ ਘਟਦਾ ਜਾ ਰਿਹਾ ਹੈ । ਜੇਕਰ ਇਸੇ ਤਰ੍ਹਾਂ ਹੀ ਚਲਦਾ ਰਿਹਾ , ਪੰਜਾਬੀ ਪਿਆਰੇ ਮਹਿਸੂਸ ਕਰਦੇ ਹਨ ਕਿ ਪੰਜਾਬੀਆਂ ਦੀ ਲਿਖਣ ਦੀ ਰੁਚੀ ਵੀ ਖ਼ਤਮ ਹੋ ਜਾਵੇਗੀ । ਇਸ ਚਿੰਤਾ ਵਿੱਚੋਂ ਉਪਜੀ ਹੈ , ਪੰਜਾਬੀ ਦੇ ਲਿਖਾਰੀਆਂ ਨੂੰ ਲਿਖਣ ਪ੍ਰਤੀ ਉਤਸਾਹਿਤ ਕਰਨ ਲਈ , ਮਾਣ ਸਨਮਾਨ ਦੇਣ ਦੀ ਸੋਚ । ਜਿਵੇਂ ਕਈ ਕਾਰਨਾ ਕਰਕੇ , ਬਹੁਤ ਸਾਰੇ ਪੰਜਾਬੀ ਸਾਹਿਤਕਾਰ ਆਪਣੀਆਂ ਲਿਖਤਾਂ ਨੂੰ ਕਿਤਾਬੀ ਰੂਪ ਦੇਣ ਤੋਂ ਵਾਂਝੇ ਰਹਿ ਜਾਂਦੇ ਹਨ , ਉਸੇ ਤਰ੍ਹਾਂ ਪੂਰੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਸਾਰੇ ਲਿਖਾਰੀ ਇਨ੍ਹਾਂ ਇਨਾਮਾ ਲਈ ਅਰਜ਼ੀ ਦੇਣ ਤੋਂ ਖੁੰਝ ਜਾਂਦੇ ਹਨ । ਆਓ ਸੰਖੇਪ ਵਿੱਚ ਜਾਣੀਏ ਕਿ ਕਿਹੜੇ ਸਰਕਾਰੀ , ਗੈਰ ਸਰਕਾਰੀ ਅਦਾਰੇ ਪੰਜਾਬੀ ਸਾਹਿਤਕਾਰਾਂ ਨੂੰ ਭਾਂਤ ਭਾਂਤ ਦੇ ਪੁਰਸਕਾਰ ਦੇ ਕੇ ਸਨਮਾਨਿਤ ਕਰਦੇ ਹਨ ਅਤੇ ਕੀ ਹੈ ਅਰਜ਼ੀ ਦੇਣ ਅਤੇ ਚੋਣ ਕਰਨ ਦਾ ਢੰਗ ਤਰੀਕਾ । ਸਭ ਤੋਂ ਪਹਿਲਾਂ ਗੱਲ ਕਰਨੀ ਬਣਦੀ ਹੈ , ਵੱਕਾਰੀ ਪੁਰਸਕਾਰ , ਢਾਹਾਂ ਪੁਰਸਕਾਰ ਦੀ । ਇਨਾਮੀ ਵਰ੍ਹੇ ਤੋਂ ਪਹਿਲੇ ਕੈਲੰਡਰ ਸਾਲ ਵਿੱਚ ਛਪੀਆਂ ਨਾਵਲਾਂ ਦੀਆਂ ਕਿਤਾਬਾਂ ਪੁਰਸਕਾਰ ਲਈ ਵਿਚਾਰੀਆਂ ਜਾਂਦੀਆਂ ਹਨ । ਇੱਕ ਜਨਵਰੀ 25 ਤੋਂ 31 ਦਿਸੰਬਰ 25 ਦਰਮਿਆਨ ਛਪੀਆਂ ਪੁਸਤਕਾਂ 2026 ਵਿੱਚ ਦਿੱਤੇ ਜਾਣ ਵਾਲੇ ਪੁਰਸਕਾਰ ਲਈ ਨਾਮਜ਼ਦ ਕੀਤੀਆਂ ਜਾ ਸਕਣਗੀਆਂ । ਕਨੇਡਾ ਸਥਿਤ ਇੱਕ ਗੈਰ ਸਰਕਾਰੀ ਅਦਾਰਾ ,' ਕਨੇਡਾ - ਇੰਡੀਆ ਐਜੂਕੇਸ਼ਨ ਸੋਸਾਇਟੀ ' ਢਾਹਾਂ ਪੁਰਸਕਾਰ ਮੁਕਾਬਲੇ ਦਾ ਆਯੋਜਨ ਕਰਦਾ ਹੈ । ਗੁਰਮੁਖੀ ਅਤੇ ਸ਼ਾਹਮੁਖੀ ਲਿੱਪੀ ਵਿੱਚ ਲਿਖੇ ਨਾਵਲ / ਕਹਾਣੀਆਂ ਲਿਖਣ ਨੂੰ ਪ੍ਰੋਤਸਾਹਿਤ ਕਰਨ ਲਈ ਦਿੱਤੇ ਜਾਣ ਵਾਲੇ ਇਸ ਇਨਾਮ ਦੀ ਕੁੱਲ ਰਾਸ਼ੀ 51000 ਕਨੇਡੀਅਨ ਡਾਲਰ ਰੱਖੀ ਗਈ ਹੈ । ਪਹਿਲੇ ਨੰਬਰ ਤੇ ਆਉਣ ਵਾਲੇ ਸਾਹਿਤਕਾਰ ਨੂੰ 25000 ਡਾਲਰ ਅਤੇ ਦੋ ਹੋਰ ਫਾਈਨਲਿਸਟਾਂ ਨੂੰ 10000 - 10000 ਡਾਲਰ ਦਿੱਤੇ ਜਾਣਗੇ । ਨਾਮਜ਼ਦਗੀ ਭਰਨ ਲਈ ਆਖਰੀ ਤਾਰੀਖ ਆਮ ਤੌਰ ਤੇ 31 ਜਨਵਰੀ ਰੱਖੀ ਜਾਂਦੀ ਹੈ । ਪੰਜਾਬੀ ਸਾਹਿਤ ਲਈ ਦੁਨੀਆਂ ਦਾ ਸਭ ਤੋਂ ਮਿਆਰੀ ਇਨਾਮ ਹੈ , ਢਾਹਾਂ ਪੁਰਸਕਾਰ। ਪੁਰਸਕਾਰ ਲਈ ਸਾਹਿਤ ਦੇ ਮੁਲਾਂਕਣ ਲਈ ਇੱਕ ਜਿਊਰੀ ਦਾ ਗਠਨ ਕੀਤਾ ਜਾਂਦਾ ਹੈ ਜਿਸ ਦੀ ਚੋਣ ਢਾਹਾਂ ਇਨਾਮ ਦੇਣ ਵਾਲੀ ਪ੍ਰਬੰਧਨ ਟੀਮ ਕਰਦੀ ਹੈ। ਜਿਆਦਾ ਜਾਣਕਾਰੀ ਲਈ ਅਦਾਰੇ ਦੀ ਵੈੱਬ ਸਾਈਟ ਦੇਖੀ ਜਾ ਸਕਦੀ ਹੈ ।

ਲੇਖਕਾਂ ਨੂੰ ਉਨ੍ਹਾਂ ਦੇ ਸਾਹਿਤ ਪ੍ਰਤੀ ਯੋਗਦਾਨ ਨੂੰ ਸਨਮਾਨ ਦੇਣ ਵਾਲੀ ਦੂਸਰੀ ਸੰਸਥਾ ਹੈ , ਭਾਸ਼ਾ ਵਿਭਾਗ ਪੰਜਾਬ - ਪਟਿਆਲਾ । ਪੁਰਸਕਾਰ ਦਾ ਨਾਮ ਹੈ , ਸਰਵੋਤਮ ਪੁਸਤਕ ਪੁਰਸਕਾਰ । ਭਾਸ਼ਾ ਵਿਭਾਗ ਪੰਜਾਬ ਜਿਸਦਾ ਮੁੱਖ ਦਫਤਰ ਪਟਿਆਲਾ ਵਿਖੇ ਸਥਿਤ ਹੈ , ਦੁਆਰਾ ਜੀਵਨੀ / ਸਵੈ ਜੀਵਨੀ , ਨਾਵਲ ,ਕਹਾਣੀ / ਮਿੰਨੀ ਕਹਾਣੀ ਸੰਗ੍ਰਹਿ , ਨਿਬੰਧ / ਸਫ਼ਰਨਾਮਾ / ਵਿਅੰਗ ,ਕਵਿਤਾ , ਨਾਟਕ ਇਕਾਂਗੀ , ਅਨੁਵਾਦ , ਗਿਆਨ ਸਾਹਿਤ / ਸੰਪਾਦਨ , ਬਾਲ ਸਾਹਿਤ ,ਆਲੋਚਨਾ /ਖੋਜ ਅਤੇ ਵਿਆਕਰਨਿਕ ਖੋਜ ਲਈ ਵੱਖ ਵੱਖ ਸੁਪ੍ਰਸਿੱਧ ਸਾਹਿਤਿਕ ਸਖਸ਼ੀਅਤਾਂ ਦੇ ਨਾਮ ਤੇ 11 ਪੁਰਸਕਾਰ ਦਿੱਤੇ ਜਾਂਦੇ ਹਨ । ਪੰਜਾਬੀ ਤੋਂ ਇਲਾਵਾ ਹਿੰਦੀ , ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੀਆਂ ਪੁਸਤਕਾਂ ਲਈ ਵੀ ਵੱਖਰੇ ਸਨਮਾਨ ਹਨ । ਇੱਕ ਪੁਰਸਕਾਰ ਸੁਰਜੀਤ ਪਾਤਰ ਵਿਦਿਆਰਥੀ ਪੁਰਸਕਾਰ ਵੀ ਦਿੱਤਾ ਜਾਂਦਾ ਹੈ । ਪਿਛਲੇ ਸਾਲ ਦੌਰਾਨ ਛਪੀ , ਆਈ ਐਸ ਬੀ ਐਨ ਨੰਬਰ ਲੱਗੇ ਵਾਲੀ ਪੁਸਤਕ ਹੀ ਵਿਚਾਰਨ ਯੋਗ ਹੋਵੇਗੀ । ਵਿਭਾਗ ਦੇ ਮੌਜੂਦਾ ਕਰਮਚਾਰੀਆਂ ਤੋਂ ਬਿਨਾ ਸੰਸਾਰ ਵਿੱਚ ਵਸਦਾ ਕੋਈ ਵੀ ਪੰਜਾਬੀ ਮੁਕਾਬਲੇ ਵਿੱਚ ਭਾਗ ਲੈ ਸਕਦਾ ਹੈ । ਵਿਭਾਗ ਤਿੰਨ ਵਿਦਵਾਨਾਂ ਤੋਂ ਮੁਲਾਂਕਣ ਕਰਵਾਉਂਦਾ ਹੈ । ਸਰਵੋਤਮ ਪੁਸਤਕ ਪੁਰਸਕਾਰ ਵਿਜੇਤਾ ਨੂੰ 31000 ਰੁਪਏ ਨਕਦ ਇਨਾਮ ਤੋਂ ਇਲਾਵਾ ਪਲੇਟ ਸਮੇਤ ਦੁਸ਼ਾਲਾ ਵੀ ਦਿੱਤਾ ਜਾਵੇਗਾ । ਵਿਭਾਗ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੀ ਜਾਣ ਵਾਲੀ ਅਰਜ਼ੀ ਨਾਲ ਕਿਤਾਬ ਦੀਆਂ ਚਾਰ ਕਾਪੀਆਂ 31ਮਾਰਚ 26 ਤੱਕ ਵਿਭਾਗ ਦੇ ਦਫ਼ਤਰ ਵਿਖੇ ਦਸਤੀ ਜਾਂ ਡਾਕ ਰਾਹੀਂ ਭੇਜੀਆਂ ਜਾ ਸਕਦੀਆਂ ਹਨ । ਉਪਰੋਕਤ ਵਰਗਾ ਹੀ ਇੱਕ ਹੋਰ ਅਦਾਰਾ , ਸਾਹਿਤ ਅਕਾਦਮੀ, ਭਾਰਤ ਪੰਜਾਬੀ ਸਮੇਤ 23 ਭਾਰਤੀ ਭਾਸ਼ਾਵਾਂ ਦੇ ਲਿਖਾਰੀਆਂ ਨੂੰ ਸਨਮਾਨਿਤ ਕਰਦਾ ਹੈ । ਇਨਾਮੀ ਵਰ੍ਹੇ ਤੋਂ ਤੁਰੰਤ ਪਹਿਲਾ ਸਾਲ ਛੱਡ ਕੇ ਉਸਤੋਂ ਪਿਛਲੇ ਪੰਜ ਸਾਲ ਵਿੱਚ ਛਪਿਆ ਸਾਹਿਤ ਇਸ ਇਨਾਮ ਲਈ ਯੋਗ ਹੁੰਦਾ ਹੈ ਯਾਨੀਕਿ 2026 ਸਾਲ ਵਾਸਤੇ 2020 ਤੋਂ 2024 ਦੌਰਾਨ ਛਪੀ ਸਾਹਿਤਿਕ ਕਿਰਤ ਨੂੰ ਹੀ ਵਿਚਾਰਿਆ ਜਾਵੇਗਾ । ਆਮ ਤੌਰ ਤੇ 28 ਫਰਵਰੀ ਤੱਕ ਅਦਾਰੇ ਵੱਲੋਂ ਵਿਕਸਤ ਪ੍ਰੋਫਾਰਮੇ ਤੇ ਅਰਜ਼ੀ ਦੇਣੀ ਹੁੰਦੀ ਹੈ । ਸਾਹਿਤ ਨਾਲ ਸਬੰਧਤ ਮਾਹਿਰਾਂ ਵੱਲੋਂ ਸਿਫਾਰਸ਼ ਯੁਕਤ ਸਾਹਿਤ ਵਿਚਾਰਨ ਯੋਗ ਹੁੰਦਾ ਹੈ ।ਲੇਖਕ ਜਾਂ ਪ੍ਰਕਾਸ਼ਕ ਨਿੱਜੀ ਤੌਰ ਤੇ ਵੀ ਆਪਣੀ ਐਂਟਰੀ ਭੇਜ ਸਕਦੇ ਹਨ । ਸਾਹਿਤ ਨੂੰ ਇਨਾਮ ਲਈ ਚੋਣ ਦਾ ਵਿਧੀ ਵਿਧਾਨ ਥੋੜੇ ਬਹੁਤੇ ਫ਼ਰਕ ਨਾਲ ਦੂਜੇ ਅਦਾਰਿਆਂ ਜਿਹਾ ਹੀ ਹੈ । ਵਿਜੇਤਾ ਦੀ ਚੋਣ ਲਈ ਤਿੰਨ ਸਟੇਜੀ ਪ੍ਰੋਸੈਸ ਵਿੱਚੋਂ ਗੁਜਰਨਾ ਪੈਂਦਾ ਹੈ । ਇਨਾਮ ਰਾਸ਼ੀ ਇੱਕ ਲੱਖ ਰੁਪਏ ਨਾਲ ਪਲੇਕ ਅਤੇ ਸ਼ਾਲ ਪ੍ਰਦਾਨ ਕੀਤਾ ਜਾਂਦਾ ਹੈ ।

ਪੰਜਾਬ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਇੱਕ ਹੋਰ ਪੁਰਸਕਾਰ ਹੈ , ਸ਼੍ਰੋਮਣੀ ਸਾਹਿਤਕਾਰ ਪੁਰਸਕਾਰ । ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਰਨਣਯੋਗ ਯੋਗਦਾਨ ਪਾਉਣ ਵਾਲੇ ਕਿਸੇ ਸਾਹਿਤਕਾਰ , ਜਿਸਦੀ ਸਿਫਾਰਸ਼ ਪੰਜਾਬ ਸਰਕਾਰ ਦਾ ਬਣਾਇਆ ਸਟੇਟ ਅਡਵਾਈਜਰ ਬੋਰਡ ਕਰਦਾ ਹੈ ਅਤੇ ਇੱਕ ਸਕਰੀਨਿੰਗ ਕਮੇਟੀ ਫਾਈਨਲ ਕਰਦੀ ਹੈ , ਨੂੰ ਇਹ ਇਨਾਮ 500000 ਰੁਪਏ ਨਕਦੀ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਕਿਉਂਕਿ ਚੋਣ ਦੀ ਵਿਧੀ ਜਿਆਦਾਤਰ ਪਿੱਕ ਐਂਡ ਚੂਜ ਤੇ ਨਿਰਭਰ ਹੈ ਅਤੇ ਪਾਰਦਰਸ਼ਤਾ ਦੀ ਘਾਟ ਹੈ , ਇਸ ਲਈ ਇਸ ਪੁਰਸਕਾਰ ਉੱਤੇ ਬਹੁਤ ਸਾਰੀਆਂ ਉਂਗਲਾਂ ਉੱਠਦੀਆਂ ਰਹੀਆ ਹਨ । ਕੁੱਝ ਕੁ ਗਿਣਵੇਂ ਚੁਣਵੇਂ ਲੋਕ , ਜਿਆਦਾਤਰ ਸਾਹਿਤ ਸਭਾਵਾਂ ਨਾਲ ਜੁੜੇ ਉੱਚੇ ਅਹੁਦੇਦਾਰ ਕਲਮ ਦੇ ਜ਼ੋਰ ਨਹੀਂ ਸਗੋਂ ਜੁਗਾੜ ਨਾਲ ਇਨਾਮਾਂ ਨੂੰ ਹੱਥ ਮਾਰ ਜਾਂਦੇ ਹਨ ਜਦਕਿ ਵਧੀਆ ਸਾਹਿਤ ਰਚੇਤਾ ਆਮ ਲੇਖਕ ਇਨਾਮਾਂ ਤੋਂ ਵਾਂਝੇ ਰਹਿ ਜਾਂਦੇ ਹਨ । ਮੇਰਾ ਨਿੱਜੀ ਵਿਚਾਰ ਹੈ ਕਿ ਇਨਾਮ ਕੋਈ ਵੀ ਹੋਵੇ ,ਲਿਖਤ ਨੂੰ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ ਲਿਖਾਰੀ ਨੂੰ ।

ਦੇਸ਼ ਦੇ ਸੰਵਿਧਾਨ ਦੇ ਅੱਠਵੇਂ ਸਡਿਊਲ ਵਿੱਚ ਪੰਜਾਬੀ ਸਮੇਤ ਦਰਜ਼ 23 ਭਾਸ਼ਾਵਾਂ ਦੇ ਸਿਰਕੱਢ ਸਾਹਿਤਕਾਰਾਂ ਨੂੰ ਦਿੱਤਾ ਜਾਣ ਵਾਲਾ ਭਾਰਤ ਦਾ



**ਜਗਦੇਵ ਸ਼ਰਮਾ ਬੁਗਰਾ , 478/ 9 ਏ ,ਦਸਮੇਸ਼ ਨਗਰ ਧੂਰੀ-148024 ਸੰਪਰਕ ਨੰਬਰ- 9872787243.**

ਸਰਵ ਉੱਚ , ਸਾਲਾਨਾ ਪੁਰਸਕਾਰ ਹੈ ਜਨਪੀਠ ਪੁਰਸਕਾਰ । ਇਸ ਪੁਰਸਕਾਰ ਲਈ , ਸਾਹਿਤਕਾਰ ਮਾਹਿਰਾਂ , ਆਲੋਚਕਾਂ ,ਅਧਿਆਪਕਾਂ , ਯੂਨੀਵਰਸਿਟੀਆਂ ,ਭਾਸ਼ਾ ਸੰਸਥਾਵਾਂ ਕੋਲੋਂ ਨਾਮਜ਼ਦਗੀਆਂ ਮੰਗੀਆਂ ਜਾਂਦੀਆਂ ਹਨ । ਵਿਅਕਤੀਗਤ ਤੌਰ ਤੇ ਅਰਜ਼ੀ ਨਹੀਂ ਦਿੱਤੀ ਜਾ ਸਕਦੀ । ਭਾਰਤੀ ਜਨ ਪੀਠ ਟਰੱਸਟ ਦੁਆਰਾ ਆਯੋਜਿਤ ਕੀਤੇ ਜਾਂਦੇ ਇਸ ਇਨਾਮ ਵਿੱਚ ਮਾਂ ਸਰਸਵਤੀ ਦੀ ਤਾਂਬੇ ਦੀ ਮੂਰਤੀ ਤੋਂ ਇਲਾਵਾ 11 ਲੱਖ ਰੁਪਏ ਨਕਦ ਅਤੇ ਇੱਕ ਸਨਦ ਦਿੱਤੀ ਜਾਂਦੀ ਹੈ । ਚੋਣ ਦਾ ਤਰੀਕਾ ਓਹੀ , ਸਲਾਹਕਾਰ ਬੋਰਡ , ਸਕਰੀਨਿੰਗ ਕਮੇਟੀ ਵਾਲਾ ਹੀ ਹੈ ।

ਕੇ ਕੇ ਬਿਰਲਾ ਫਾਊਂਡੇਸ਼ਨ ਨਾਂ ਦੀ ਸੰਸਥਾ ਵੀ 22 ਭਾਰਤੀ ਭਾਸ਼ਾਵਾਂ ( ਪੰਜਾਬੀ ਸਮੇਤ ) ਦੇ ਉਨ੍ਹਾਂ ਉੱਘੇ ਸਾਹਿਤਕਾਰਾਂ ਨੂੰ ਸਰਸਵਤੀ ਸਨਮਾਨ ਦੇਕੇ ਸਨਮਾਨਤ ਕਰਦੀ ਹੈ ਜਿਨ੍ਹਾਂ ਨੇ ਪਿਛਲੇ 10 ਸਾਲਾਂ ਵਿੱਚ ਛਪੀ , ਕਿਸੇ ਵੀ ਵਿਧਾ ਵਿੱਚ ਆਪਣੀ ਕਿਰਤ ਰਾਹੀਂ ਸਾਹਿਤ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੋਵੇ । ਪੰਦਰਾਂ ਲੱਖ ਦੇ ਨਗਦ ਪੁਰਸਕਾਰ ਨਾਲ ਇੱਕ ਯਾਦਗਾਰੀ ਚਿੰਨ ਦਿੱਤਾ ਜਾਂਦਾ ਹੈ । ਇਸ ਸਾਲਾਨਾ ਪੁਰਸਕਾਰ ਦਾ ਚੋਣ ਢੰਗ ਬੜਾ ਪੇਚੀਦਾ ਪ੍ਰੰਤੂ ਪਾਰਦਰਸ਼ੀ ਹੈ । ਨਾਮਜ਼ਦਗੀਆਂ ਜਨ ਪੀਠ ਪੁਰਸਕਾਰ ਦੀ ਤਰ੍ਹਾਂ ਹੀ ਮੰਗੀਆਂ ਜਾਂਦੀਆਂ ਹਨ ।

ਕਲਾ ,ਸਾਹਿਤ ,ਵਿਗਿਆਨ , ਤਕਨੀਕ ,ਅਤੇ ਸੱਭਿਆਚਾਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲਿਆਂ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਰਤਨ ਪੁਰਸਕਾਰ ਵੀ ਦਿੱਤਾ ਜਾਂਦਾ ਹੈ ਜਿਸ ਵਿੱਚ ਚਾਂਦੀ ਦੀ ਇੱਕ ਪਲੇਟ , ਇੱਕ ਸਨਦ ਨਾਲ ਕੁੱਛ ਰਕਮ ਵੀ ਦਿੱਤੀ ਜਾਂਦੀ ਹੈ । ਇਹ ਪੁਰਸਕਾਰ ਵੀ ਸਲਾਹਕਾਰ ਬੋਰਡ ਦੀ ਸਿਫਾਰਸ਼ ਅਧਾਰਤ ਹੀ ਹੁੰਦਾ ਹੈ ।

ਪੰਜਾਬੀ ਪੱਤਰਕਾਰੀ ਵਿੱਚ ਨਾਮਵਰ ਸਖਸ਼ੀਅਤਾਂ ਨੂੰ ਸਨਮਾਨਿਤ ਕਰਨ ਲਈ ਪੰਜਾਬ ਸਰਕਾਰ ਦਾ ਅਦਾਰਾ ,

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ,ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ( ਹਰਿਆਣਾ ਸਾਹਿਤ ਅਕਾਦਮੀ) ,ਪੰਜਾਬੀ ਅਕਾਦਮੀ ਦਿੱਲੀ ,ਪੰਜਾਬ ਪਰਾਈਡ ਪੁਰਸਕਾਰ, ਗਲੋਬਲ ਪੰਜਾਬੀ ਸੋਸਾਇਟੀ ਅਚੀਵਰ ਪੁਰਸਕਾਰ ਆਦਿ ਦਾ ਯੋਗਦਾਨ ਵਰਨਣਯੋਗ ਹੈ । ਬਹੁਤ ਥੋੜ੍ਹੇ ਪੰਜਾਬੀ ਅਖ਼ਬਾਰ ਵੀ ਲੇਖਕਾਂ ਨੂੰ ਮਿਹਨਤਨਾਮਾ ਦਿੰਦੇ ਹਨ ।

ਉਪਰੋਕਤ ਸਾਰੇ ਹੀ ਇਨਾਮਾਂ ਵਿੱਚ ਕੁੱਛ ਕੁ ਗੱਲਾਂ ਸਾਂਝੀਆਂ ਹਨ ਜਿਹੜੀਆਂ ਲੇਖਕਾਂ ਦਾ ਧਿਆਨ ਮੰਗਦੀਆਂ ਹਨ । ਪਹਿਲੀ , ਅੰਤਰਰਾਸ਼ਟਰੀ ਸੰਸਥਾ ਯੂਨੈਸਕੋ ਦੀ ਸ਼ਰਤ ਹੈ ਕਿ ਪੁਸਤਕ ਦੇ ਘੱਟੋ ਘੱਟ ਪੰਨੇ 49 ( ਕਵਰ ਤੋਂ ਬਗੈਰ ) ਹੋਣੇ ਚਾਹੀਦੇ ਹਨ । ਕਿਤਾਬ ਉੱਪਰ ਇਸਦਾ ਆਈ ਐਸ ਬੀ ਐਨ ਨੰਬਰ ਛਪਿਆ ਹੋਇਆ ਜ਼ਰੂਰੀ ਕਰ ਦਿੱਤਾ ਗਿਆ ਹੈ। ਪੁਸਤਕ ਦਾ ਸਿਰਫ ਪਹਿਲਾ ਐਡੀਸ਼ਨ ਹੀ ਵਿਚਾਰਿਆ ਜਾਂਦਾ ਹੈ। । ਚੌਥੇ , ਲੱਗ ਭੱਗ ਸਾਰੇ ਇਨਾਮਾਂ ਦੀ ਚੋਣ ਵਿਧੀ ਵਿਗਿਆਨਿਕ ਨਾ ਹੋਕੇ ਅਡਵਾਈਜਰੀ ਬੋਰਡ / ਸਕਰੀਨਿੰਗ ਕਮੇਟੀਆਂ ਦੀ ਸਿਫਾਰਸ਼ ਅਧਾਰਤ ਹੈ ।

ਭਾਸ਼ਾ ਵਿਭਾਗ ,ਪੰਜਾਬ ਵੱਲੋਂ ਸਾਲ 2025 ਵਿੱਚ ਛਪੀਆਂ ਪੁਸਤਕਾਂ ਨੂੰ ਪੁਰਸਕਾਰਾਂ ਲਈ ਵਿਚਾਰਨ ਵਾਸਤੇ 31 ਮਾਰਚ 26 ਤੱਕ ਨਾਮਜ਼ਦਗੀਆਂ ਮੰਗ ਲਈਆਂ ਗਈਆਂ ਹਨ ਪ੍ਰੰਤੂ ਪੁਸਤਕ ਚੋਣ ਦਾ ਤਰੀਕਾ ਉਹੀ ਪ੍ਰੰਪਰਾਵਾਦੀ ਰੱਖਿਆ ਗਿਆ ਹੈ । ਆਧੁਨਿਕਤਾ ਦੇ ਦੌਰ ਵਿੱਚ ਕਮੇਟੀਆਂ ਰਾਹੀਂ ਚੋਣ ਸਾਨੂੰ ਸਦੀਆਂ ਪਿੱਛੇ ਲੈ ਜਾਂਦੀ ਹੈ ।ਕੰਪਿਊਟਰ ਯੁੱਗ ਵਿੱਚ ਸਭ ਕੁੱਛ ਮਸ਼ੀਨੀ ਹੋ ਜਾਣ ਨਾਲ ਜਿੱਥੇ ਸੁਖਾਲਾ , ਸਮੇਂ ਦੀ ਬੱਚਤ ਵਾਲਾ ਹੋ ਗਿਆ ਹੈ ਉਥੇ ਹੀ ਪਾਰਦਰਸ਼ੀ ਹੋਣ ਕਾਰਨ ਨਿਰਵਿਵਾਦਤ ਵੀ ਹੋ ਗਿਆ ਹੈ। ਲੇਖਕਾਂ ਦੀਆਂ ਕਿਰਤਾਂ ਦਾ ਕੰਪਿਊਟਰ ਜ਼ਰੀਏ ਮੁਲਾਂਕਣ ਕਰਨ ਲਈ ਮੈਂ ਕੁਝ ਸੁਝਾਅ ਭੇਜੇ ਸਨ ਅਤੇ ਕੰਪਿਊਟਰ ਸਿਸਟਮ ਵਿੱਚ ਵਰਤੀ ਜਾਣ ਵਾਲੀ ਪ੍ਰਸ਼ਨਾਵਲੀ ਵੀ ਤਿਆਰ ਕਰਕੇ ਭੇਜੀ ਸੀ ਪ੍ਰੰਤੂ ਪਤਾ ਨਹੀਂ ਕਿਉਂ ਵਿਭਾਗ ਨੇ ਧਿਆਨ ਨਹੀ ਦਿੱਤਾ ।


ਮੈਂ ਗਰੰਟੀ ਕਰਦਾ ਹਾਂ ਕਿ ਮੇਰੇ ਸੁਝਾਏ ਮੈਡਿਊਲ ਨਾਲ ਸਿਰਫ ਪਾਰਦਰਸ਼ਤਾ ਹੀ ਨਹੀਂ ਵਧੇਗੀ ਸਗੋਂ ਲੇਖਕ ਅਤੇ ਪੁਸਤਕ ਦੀ ਪਹਿਚਾਣ ਗੁਪਤ ਰੱਖਣ ਨਾਲ ਜੁਗਾੜ ਤੰਤਰ ਤੇ ਰੋਕ ਲੱਗੇਗੀ ,ਬੇਲੋੜੇ ਮੁਕੱਦਮਿਆਂ ਨੂੰ ਠੱਲ੍ਹ ਪਏਗੀ ਅਤੇ ਵਿਭਾਗ ਵੱਲ ਉਂਗਲਾਂ ਵੀ ਘੱਟ ਉੱਠਣਗੀਆਂ । ਪੜਾਅ ਵਾਰ ਅਜਮਾ ਲੈਣ ਵਿੱਚ ਹਰਜ ਵੀ ਕੀ ਹੈ ?

ਸੰਸਥਾਵਾਂ ਦੀਆਂ ਸ਼ਰਤਾਂ ਤੇ ਖਰੇ ਉੱਤਰਦੇ ਅਤੇ ਆਪਣੇ ਆਪ ਨੂੰ ਯੋਗ ਉਮੀਦਵਾਰ ਸਮਝਦੇ ਸਾਹਿਤਕਾਰ ਸਮੇਂ ਸਿਰ ਦਾਖਲ ਕਰਕੇ ਫਾਇਦਾ ਉਠਾ ਸਕਦੇ ਹਨ ਅਤੇ ਸਰਕਾਰਾਂ / ਸੰਸਥਾਵਾਂ / ਅਦਾਰਿਆਂ ਨੂੰ ਵੀ ਸਹੀ ਹੱਕਦਾਰ ਸਾਹਿਤਕਾਰਾਂ ਦੀ ਚੋਣ ਕਰਕੇ ਨਿਰਪੱਖਤਾ ਦਾ ਸਬੂਤ ਦੇਣਾ ਚਾਹੀਦਾ ਹੈ ।

# ਬੀਕੇਯੂ ਪੰਜਾਬ ਦਾ ਨਿਧੜਕ ਯੋਧਾ ਸੀ ਮਹਿੰਦਰ ਸਿੰਘ ਅਵਾਣ ਖਾਲਸਾ

**ਭੋਗ ਤੇ ਵਿਸ਼ੇਸ਼**

ਹਰ ਮੋਰਚੇ ਵਿੱਚ ਮੋਹਰੀ ਤੇ ਡੰਡੇ ਵਿੱਚ ਝੰਡਾ ਪਾ ਹਿਕ ਡਾਹ ਕੇ ਹੱਕੀ ਮੰਗਾਂ ਲਈ ਜੂਝਦਾ ਨਜ਼ਰ ਆਉਂਦਾ ਬੀਕੇਯੂ ਪੰਜਾਬ ਇਕਾਈ ਜਲੰਧਰ ਦੀ ਸਬ ਤਹਿਸੀਲ ਨੂਰਮਹਿਲ ਦਾ ਬਲਾਕ ਪ੍ਰਧਾਨ ਬਜ਼ੁਰਗ ਨਿਧੜਕ ਕਿਸਾਨ ਆਗੂ ਮਹਿੰਦਰ ਸਿੰਘ ਇਕ ਸੜਕ ਹਾਦਸੇ ਵਿੱਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਕੁਝ ਪਲਾਂ ਵਿੱਚ ਹੀ ਹੈ ਤੋਂ ਸੀ ਹੋ ਗਿਆ। ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿਸੇ ਨੂੰ ਵੀ ਜ਼ਕੀਨ ਨਹੀਂ ਆ ਰਿਹਾ ਸੀ ਬੀਕੇਯੂ ਦਾ ਹਰ ਵਰਕਰ ਇਕ ਦੂਜੇ ਨੂੰ ਗਰੁੱਪ ਵਿੱਚ ਪਾਈ ਪੋਸਟ ਬਾਰੇ ਪੁੱਛ ਰਿਹਾ ਸੀ। ਕੋਈ ਕਹਿ ਰਿਹਾ ਸੀ ਹੁਣੇ ਤਾਂ ਜ਼ਿਲਾ ਪ੍ਰਧਾਨ ਨਾਲ ਬਾਪੂ ਮਹਿੰਦਰ ਸਿੰਘ ਥਾਣਾ ਮਹਿਤਪੁਰ ਵਿੱਚ ਸੀ ਇਸ ਮਨਹੂਸ ਖ਼ਬਰ ਨੇ ਸਭ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾ ਦਿੱਤੀ ਬਾਪੂ ਮਹਿੰਦਰ ਸਿੰਘ ਨੂਰਮਹਿਲ ਤਹਿਸੀਲ ਦੇ ਬਲਾਕ ਪ੍ਰਧਾਨ ਇਕ ਸੜਕ ਹਾਦਸੇ ਵਿੱਚ ਚਲੇ ਗਏ ਹਨ। ਇਹ ਅਜੇ ਉਮਰ ਨਹੀਂ ਸੀ ਪਰ ਕਹਾਵਤ ਹੈ ਹੋਣੀ ਹਾਰ ਮਿਟਾਵੇ ਕੌਣ ਸਚਮੁੱਚ ਹੋਣੀ ਨੂੰ ਕੋਈ ਨਹੀਂ ਟਾਲ ਸਕਦਾ ਪਰ ਇਹ ਹੋਣੀ ਦੇਸ਼ ਦੇ ਸਿਸਟਮ ਤੇ ਕਰਾਰੀ ਚਪੇੜ ਤੋਂ ਘੱਟ ਨਹੀਂ ਹੈ। ਕਿਉਂਕਿ ਇਹ ਕੋਈ ਕੁਦਰਤੀ ਦੁਰਘਟਨਾ ਨਹੀਂ ਹੈ ਬਾਪੂ ਮਹਿੰਦਰ ਸਿੰਘ ਜਿਸ ਮੋਟਰਸਾਈਕਲ ਤੇ ਪਿੰਡ ਅਵਾਣ ਖਾਲਸਾ ਨੂੰ ਜਾ ਰਹੇ ਸਨ ਉਸ ਨਾਲ ਟਕਰਾਉਣ ਵਾਲੇ ਮੋਟਰਸਾਈਕਲ ਸਵਾਰ ਤੜਕੇ ਹੀ ਨੇੜਲੇ ਪਿੰਡ ਤੋਂ ਡੱਫ ਕੇ ਆਏ ਸਨ ਨਸ਼ੇ ਵਿੱਚ ਧੁੱਤ ਨਸ਼ੇੜੀਆਂ ਨੇ ਏਨੀ ਜ਼ੋਰ ਦੀ ਮੋਟਰਸਾਈਕਲ ਵਿੱਚ ਮੋਟਰਸਾਈਕਲ ਮਾਰਿਆ ਕਿ



ਕਿਰਤੀਆਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਮਸੀਹੇ ਦੀ ਅਵਾਜ਼ ਹਮੇਸ਼ਾ ਲਈ ਬੰਦ ਕਰ ਦਿੱਤੀ। ਤੇ ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਅੰਦੋਲਨ ਤੇ ਸਦਾ ਲਈ ਸਵਾਲੀਆ ਚਿੰਨ੍ਹ ਲਗਾ ਦਿੱਤਾ। ਦੇਸ਼ ਦੀਆਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਬਾਪੂ ਮਹਿੰਦਰ ਸਿੰਘ ਅਵਾਣ ਖਾਲਸਾ ਦੀ ਅਵਾਜ਼ ਹਮੇਸ਼ਾ ਗੂੰਜਦੀ ਰਹੇਗੀ। ਮਸਲਾ ਚਾਹੇ ਨਕੋਦਰ ਰੋਡ ਜਗਰਾਉਂ ਦੀ ਖ਼ਸਤਾ ਹਾਲਤ ਦਾ ਹੋਵੇ ਜਾਂ ਰੋਹਨ ਰਾਜਦੀਪ ਟੋਲ ਪਲਾਜ਼ਾ ਦੀ ਪਰਚੀ ਬੰਦ ਕਰਵਾਉਣ ਦਾ, ਗੰਨੇ ਦੀ ਅਦਾਇਗੀ ਤੇ ਮਿਲਾ ਵੱਲ ਬਕਾਏ ਤੋਂ ਲੈ ਕੇ ਹਰ ਮਜ਼ਦੂਰ, ਕਿਸਾਨ, ਬੇ ਰੁਜ਼ਗਾਰ, ਰੇਤ ਮਾਫੀਆ, ਨਸ਼ਾ, ਨਕਲੀ ਬੀਜ ਦਵਾਈਆਂ, ਖਾਦ ਨਾਲ ਵੇਚੀਆਂ ਜਾਂਦੀਆਂ ਨਜਾਇਜ਼ ਦਵਾਈਆਂ ਦੀਆਂ ਕਿੱਟਾਂ, ਠੱਗ ਏਜੰਟਾਂ, ਸਮਾਜ ਦੀਆਂ ਕੁਰੀਤੀਆਂ ਤੇ ਹੱਕ ਦੀ ਅਵਾਜ਼ ਮੋਹਰੀ ਹੋ ਕੇ ਬੁਲੰਦ ਕਰਦੇ ਸਨ ਆਗੂ ਮਹਿੰਦਰ ਸਿੰਘ ਯਾਰਾ ਦੇ ਯਾਰ ਮਿਲਣਸਾਰ ਰੱਬੀ ਰੂਹ, ਗੁਣਾ ਦਾ ਭੰਡਾਰ, ਸਹਿਣ ਸ਼ੀਲਤਾ ਦਾ ਮੁਜੱਸਮਾ ਕੌਣ ਹੈ ਜੋਂ ਅੱਜ ਮਹਿਬੂਬ ਆਗੂ ਨੂੰ ਯਾਦ ਨਹੀਂ ਕਰ ਰਿਹਾ। ਉਨ੍ਹਾਂ ਨਮਿਤ ਰੱਖੇ ਅਖੰਡ ਪਾਠ ਦਾ ਭੋਗ ਉਨ੍ਹਾਂ ਦੇ ਪਿੰਡ ਅਵਾਣ ਖਾਲਸਾ ਤਹਿਸੀਲ ਨਕੋਦਰ ਜ਼ਿਲਾ ਜਲੰਧਰ ਵਿਖੇ ਪਾਇਆ ਜਾਵੇਗਾ ਇਸ ਮੌਕੇ ਜਿਥੇ ਅਲੱਗ ਅਲੱਗ ਜਥੇਬੰਦੀਆਂ, ਰਾਜਨੀਤਿਕ, ਸਮਾਜਿਕ, ਧਾਰਮਿਕ ਆਗੂਆਂ ਵੱਲੋਂ ਹਾਜ਼ਰੀ ਭਰੀ ਜਾਵੇਗੀ ਉਥੇ ਬੀਕੇਯੂ ਪੰਜਾਬ ਵੱਲੋਂ ਵੀ ਜਥੇਬੰਦੀ ਦੇ ਨਿਧੜਕ ਜਰਨੈਲ ਸਰਦਾਰ ਮਹਿੰਦਰ ਸਿੰਘ ਅਵਾਣ ਖਾਲਸਾ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਜਾਣਗੇ।

**ਪੇਸ਼ਕਸ਼ - ਹਰਜਿੰਦਰ ਸਿੰਘ ਚੰਦੀ ਸੂਬਾ ਪ੍ਰੈੱਸ ਸਕੱਤਰ ਬੀਕੇਯੂ ਪੰਜਾਬ।**

# (ਚਿੱਟੀਏ ਕਪਾਹ ਦੀਏ ਫੁੱਟੀਏ)

ਚਿੱਟੀਆਂ ਕਪਾਹ ਦੀਆਂ ਫੁੱਟੀਆਂ,ਹਾਏ ਨੀਂ ਪੱਤ ਤੇਰੇ, ਹਰੇ ਹਰੇ । ਆਖ ਨੀਂ ਨਨਾਣੇ, ਤੇਰੇ ਵੀਰ ਨੂੰ, ਕਦੇ ਤਾਂ ਭੈੜਾ, ਹੱਸਿਆ ਕਰੇ ! ਔਰਤਾਂ ਦੀ ਜੇ ਤਾਰੀਫ ਕਰ ਦਿਓ, ਵੈਲਨਟਾਈਨਜ ਡੇ ਨੂੰ ਵੇਲਣਾ-ਤਾਣ ਡਾਂਸ ਵਿਚ ਬਦਲਣ ਨੂੰ ਦੇਰ ਨਹੀਂ ਲਾਉਂਦੀਆਂ। ਵੇਲਣੇ ਦਾ ਡਰ ਹੀ ਬੰਦੇ ਨੂੰ ਭੂਤਾਂ ਵਾਂਗ ਨਚਾਉਂਦਾ ਹੈ। ਫਿਰ ਵੀ ਔਰਤ ਸ਼ਕਤੀ ਨੂੰ ਮਜ਼ਬੂਤ ਬਣਾਉਣ ਲਈ, ਬਲੀਦਾਨ ਦੇਣਾ ਸਾਡਾ ਫਰਜ਼ ਹੈ। ਜੇ ਸਾਡੀਆ ਔਰਤਾਂ ਸ਼ਕਤੀਸ਼ਾਲੀ ਹੋਣਗੀਆਂ ਤਾਂ ਸਾਡੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਰੌਸ਼ਨ ਹੋਵੇਗਾ।ਮਾਈ ਭਾਗੋ, ਸਾਡੇ ਸਿੱਖੀ ਇਤਿਹਾਸ ਵਿੱਚ ਕਮਾਲ ਦੀ ਬਹਾਦਰ ਸ਼ਖਸੀਅਤ ਦੀ ਉਦਾਹਰਣ ਹੈ। ਮਾਝੇ ਦੇ ਚਾਲੀ ਸਿੰਘ, ਖਿਦਰਾਣੇ ਦੀ ਢਾਬ ਕੋਲ, ਸੂਬਾ ਸਰਹਿੰਦ ਨਾਲ ਯੁੱਧ ਵਿੱਚ, ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ ਤਾਂ ਮਾਈ ਭਾਗੋ,ਲਲਕਾਰ ਕੇ,ਆਪ ਯੁੱਧ ਵਿੱਚ ਨਿੱਤਰ ਪਈ। ਤਾਂ ਮਹਾਂ ਸਿੰਘ ਸਮੇਤ ਸਾਰੇ ਸਿੰਘਾਂ, ਗੁਰੂ ਸਾਹਿਬ ਕੋਲੋਂ ਮੁਆਫੀ ਮੰਗੀ, ਪੂਰੀ ਤਨਦੇਹੀ ਨਾਲ ਲੜ੍ਹੇ , ਅੰਤ ਸਮੇਂ, ਜ਼ਖਮੀ ਮਹਾਂ ਸਿੰਘ ਨੇ,ਗੁਰੂ ਸਾਹਿਬ ਨੂੰ, ਬੇਦਾਵਾ ਪਾੜਨ ਦੀ, ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ,ਉਸ ਨੂੰ ਆਪਣੀ ਝੋਲੀ ਵਿੱਚ ਲੈਕੇ, ਬੇਦਾਵਾ ਪਾੜ ਦਿੱਤਾ ਤੇ ਜ਼ਖਮੀ ਮਹਾਂ ਸਿੰਘ ਨੇ ਪ੍ਰਾਣ ਤਿਆਗੇ ਦਿੱਤੇ। ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਚਿੱਟੀ ਕਪਾਹ ਦੀ ਫੁੱਟੀ ਦੀ ਗੱਲ ਚੱਲੀ ਹੈ ਤਾਂ ਮੈਨੂੰ ਉਹ ਦਿਨ ਯਾਦ ਆ ਜਾਂਦੇ ਹਨ, ਜਦੋਂ ਟਿੱਬਿਆਂ ਵਾਲੇ ਖੇਤਾਂ ਵਿੱਚ ਨਰਮਾ, ਕਪਾਹ ਤੇ ਮੂੰਗਫਲੀ ਦੀ ਕਾਸ਼ਤ ਕੀਤੀ ਜਾਂਦੀ ਸੀ। ਡਾਕਰ ਮਿੱਟੀ ਵਿੱਚ ਮਿਰਚ ਦੀ ਕਾਸ਼ਤ ਹੁੰਦੀ ਸੀ। ਕਣਕ ਦੀ ਵਢਾਈ ਅਤੇ ਕਢਾਈ ਤੋਂ ਬਾਅਦ, ਮਈ ਜੂਨ ਵਿੱਚ ਕਪਾਹ (ਪਕਾਹ) ਨਰਮਾ (ਪਕਾਹੜਾ) ਬੀਜਿਆ ਜਾਂਦਾ ਸੀ। ਅੱਜ ਕੱਲ ਤਾਂ ਮਾਝਾ, ਮਾਲਵਾ, ਦੁਆਬਾ, ਪੁਆਧ ਸਾਰੇ ਇਲਾਕਿਆਂ ਵਿੱਚ ਦੋ-ਫਸਲੀ ਚੱਕਰ ਹਾੜੀ ਅਤੇ ਸਾਉਣੀ (ਕਣਕ ਅਤੇ ਝੋਨਾ)ਹੀ ਰਹਿ ਗਏ ਹਨ। ਅਗਸਤ-ਸਿਤੰਬਰ ਵਿੱਚ ਨਰਮਾ, ਕਪਾਹ ਦੇ ਖੇਤਾਂ ਵਿੱਚ ਘਰਦੀਆਂ ਔਰਤਾਂ ,ਵਿਹੜੇ ਦੀਆਂ ਅਤੇ ਮਜ਼ਦੂਰੀ ਉੱਤੇ ਕੰਮ ਕਰਨ ਵਾਲੀਆਂ, ਸਾਰੀਆਂ ਰਲਕੇ ਨਰਮਾ, ਕਪਾਹ ਚੁਗਣ ਜਾਂਦੀਆਂ। ਮੇਲੇ ਵਰਗਾ ਮਾਹੌਲ ਹੁੰਦਾ ਸੀ।



ਮੇਰੇ ਵਰਗਿਆਂ ਦੀ ਡਿਊਟੀ ਚਾਹ-ਪਾਣੀ ਪਿਆਉਣ ਤੇ ਲੱਗੀ ਹੁੰਦੀ ਸੀ। ਇੱਕ ਦਿਨ ਨਰਮਾ ਚੁਗਦਿਆਂ, ਬੇਬੇ ਨੇ ਪਿੰਡ ਸੁਨਹਾ ਲਾਉਣ ਲਈ ਭਜਾ ਦਿੱਤਾ। ਨਰਮੇਂ, ਕਪਾਹਾਂ ਦੇ ਖੇਤ ਬਹੁਮੁਲੇ ਹੋਣ ਕਾਰਨ ਆਲੇ ਦੁਆਲੇ ਝਾੜੀਆਂ ਦੀ ਵਾੜ ਲਗਾਈ ਹੁੰਦੀ ਸੀ। ਕਪਾਹ ਦੇ ਖੇਤ ਸੰਘਣੇ ਨਹੀਂ ਹੁੰਦੇ,ਨਰਮੇ ਦੇ ਬੂਟੇ ਝਾੜੀਦਾਰ ਹੋਣ ਕਾਰਨ ਖੇਤ ਵਿੱਚੋਂ ਭੱਜਣਾ ਔਖਾ ਹੂੰਦਾ, ਪਰ ਸਾਨੂੰ ਕੌਣ ਮੋੜੇ,ਗੋਲੀ ਦੀ ਤਰ੍ਹਾਂ ਸਰਪਟ ਦੌੜ ਪੈਂਦਾ। ਦੋ ਤਿੰਨ ਕਿ੦ਮੀ੦ ਦੀ ਵਾਟ ਨੂੰ ਕੁੱਝ ਨਹੀਂ ਸੀ ਸਮਝਦੇ।ਨਰਮੇ ਦੇ ਖੇਤ ਵਿੱਚੋਂ ਦੌੜਿਆ ਜਾ ਰਿਹਾ ਸੀ,ਹਵਾ ਨਾਲ ਉੱਡ ਕੇ,ਕੰਡਿਆਂ ਵਾਲੀ ਝਾੜੀ ਦਾ ਬੂਟਾ ਉਲਟਾ ਹੋਕੇ ਖਾਲੀ ਜਗ੍ਹਾ ਤੇ ਡਿਗਿਆ ਪਿਆ ਸੀ,ਭੱਜੇ ਜਾਂਦੇ ਮੈਨੂੰ ਪਤਾ ਹੀ ਨਾ ਲੱਗਾ ਕਿ ਮੈਂ ਕਦੋਂ ਉਸ ਕੋਲੋਂ ਲੰਘ ਗਿਆ, ਪਰ ਕੰਡੇ ਵਰਗੀ ਚੁੱਭਣ ਮਹਿਸੂਸ ਹੋਈ। ਮੈਨੂੰ ਲੱਗਿਆ,ਸੱਪ ਲੜ੍ਹ ਗਿਆ।ਖੇਤ ਵਿੱਚੋਂ ਬਾਹਰ ਆਕੇ ਮੈਂ ਝੰਗਿਆੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਆਸੇ ਪਾਸੇ ਦੇ ਖੇਤਾਂ ਵਿੱਚੋਂ ਸਾਰੇ ਦੌੜ ਕੇ ਆਏ ਤੇ ਮੈਨੂੰ ਪੁੱਛਣ ਲੱਗੇ ਕੀ ਗੱਲ ਹੋਗੀ ? ਮੈਂ ਰੋਈ ਜਾਵਾਂ ਤੇ ਨਾਲੇ ਕਹੀ ਜਾਵਾਂ, ਮੇਰੇ ਸੱਪ ਲੜ ਗਿਆ ਹੈ। ਜਦੋਂ ਉਨ੍ਹਾਂ ਚੈਕ ਕੀਤਾ, ਕਹਿੰਦੇ ਸੱਪ ਨਹੀਂ ਲੜਿਆ, ਕੰਡਾ ਚੁਭਿਆ ਹੈ।ਪਹਿਲਾਂ ਮੋਬਾਈਲ ਨਹੀਂ ਹੁੰਦੇ ਸਨ, ਭਾਵੇਂ ਸਾਰੇ ਕੰਮ ਬੈਠੇ ਬਿਠਾਏ ਹੋ ਜਾਂਦੇ ਸਨ, ਹੁਣ ਬੰਦੇ ਸੋਹਲ ਹੋ ਗਏ ਹਨ।ਦੂਰ ਦੂਰ ਤੱਕ ਤੁਰ ਕੇ ਜਾਣਾ,ਫਿੰਡ-ਖੁੰਡੀ, ਕੋਟਲਾ-ਛਪਾਕੀ, ਕੌਡੀ-ਬਾਡੀ (ਕਬੱਡੀ)ਘੋਲ ਘੁਲਣਾ ਖੇਡਾਂ ਖੇਡਣ ਨਾਲ,ਹੱਡਾਂ ਵਿੱਚ ਮਜ਼ਬੂਤੀ ਆਉਂਦੀ ਸੀ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

# ਸ਼ਿਵਰਾਤਰੀ ਦੇ ਮੌਕੇ ਤੇ ਲਕਸ਼ਮੀ ਨਰਾਇਣ ਮੰਦਿਰ ਵਿੱਚ ਲੱਗੀਆਂ ਰੌਣਕਾਂ

### ਹਜ਼ਾਰਾਂ ਦੀ ਗਿਣਤੀ ਚ ਸ਼ਰਧਾਲੂ ਹੋਏ ਨਤਮਸਤਕ

### ਮੱਥਾ ਟੇਕਣ ਲਈ ਲੱਗੀਆਂ ਨਜ਼ਰ ਆਈਆਂ ਲੰਬੀਆਂ ਕਤਾਰਾਂ

**ਵੈਨਕੂਵਰ, ( ਮਲਕੀਤ ਸਿੰਘ )** – ਮਹਾਂ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਸਰੀ ਸ਼ਹਿਰ ਚ ਸਥਿਤ ਲਕਸ਼ਮੀ ਨਾਰਾਇਣ ਮੰਦਿਰ ਵਿਖੇ ਬਹੁਤ ਹੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ ਇਸ ਮੌਕੇ ਤੇ ਸਵੇਰੇ ਤੋਂ ਦੇਰ ਰਾਤ ਤੱਕ ਮੰਦਰ ਦੇ ਗਲਿਆਰੇ ਚ ਪੁੱਜੇ ਹਜ਼ਾਰਾਂ ਸ਼ਰਧਾਲੂਆਂ ਦੀਆ ਰੌਣਕਾਂ ਲੱਗੀਆਂ ਨਜਰੀ ਪਈਆਂ ਸ਼ਰਧਾਲੂਆਂ ਦੀ ਬਹੁਤਾਤ ਕਾਰਨ ਸ਼ਰਧਾਲੂਆਂ ਨੂੰ ਮੰਦਰ ਦੇ ਅੰਦਰਵਾਰ ਮੱਥਾ ਟੇਕਣ ਲਈ ਕਈ ਘੰਟੇ ਲਾਈਨਾਂ ਵਿੱਚ ਲੱਗ ਕੇ ਇੰਤਜ਼ਾਰ ਕਰਨਾ ਪਿਆ ਜਿਸ ਕਾਰਨ ਦੇਰ ਰਾਤ ਤੀਕ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਆਉਣਾ ਜਾਣਾ ਲੱਗਾ ਰਿਹਾ ਮਹਾਂ ਸ਼ਿਵਰਾਤਰੀ ਦੇ ਪਾਵਨ ਮੌਕੇ ਸ਼ਰਧਾਲੂਆਂ ਵੱਲੋਂ 'ਬਮ ਬਮ ਭੋਲੇ' ਦੇ ਜੈਕਾਰਿਆਂ ਅਤੇ ਭਜਨ ਮੰਡਲੀਆ ਦੇ ਧਾਰਮਿਕ ਸ਼ਬਦਾਂ ਦੇ ਉਚਾਰਨ ਦੀ ਮਨਮੋਹਕ ਆਵਾਜ਼ ਨਾਲ ਸਮੁੱਚਾ ਮਾਹੌਲ ਭਗਵਾਨ ਸ਼ਿਵ ਦੀ ਸ਼ਰਧਾ ਦੇ ਰੰਗ ਚ ਰੰਗਿਆ ਮਹਿਸੂਸ ਹੋਇਆ ਮੰਦਰ ਦੇ ਪ੍ਰਬੰਧਕਾਂ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਵੱਖ-ਵੱਖ ਤਰ੍ਹਾਂ ਦੇ ਸਵਾਦਲੇ ਪਕਵਾਨਾਂ ਦੇ ਲੰਗਰਾ ਨੇੜੇ ਵੀ ਸ਼ਰਧਾਲੂਆਂ ਦੀਆਂ ਭੀੜਾਂ ਲੱਗੀਆਂ ਨਜ਼ਰੀ ਪਈਆਂ । ਇਸ ਦੇ ਨਾਲ ਨਾਲ ਉੱਥੇ ਮੌਜੂਦ ਸੇਵਾਦਾਰ ਵੀ ਬੜੀ ਨਿਸ਼ਚਾ ਅਤੇ ਸ਼ਰਧਾ ਨਾਲ ਸ਼ਰਧਾਲੂਆਂ ਨੂੰ ਲੰਗਰ ਵਰਤਾਉਂਦੇ ਨਜ਼ਰੀ ਆਏ ਇਸ ਇਸ ਮੌਕੇ ਤੇ ਹੋਰਨਾਂ ਸਿਆਸੀ ਧਾਰਮਿਕ ਸ਼ਖਸ਼ੀਅਤਾਂ ਤੋਂ ਇਲਾਵਾ ਸਰੀ ਦੀ ਮੇਅਰ ਬ੍ਰੈਂਡਾਂਲੌਕ,ਐਮਐਲਏ ਮਨਦੀਪ ਧਾਲੀਵਾਲ,ਐਮਐਲਏ ਬਰਾਇਨ ਟੈਪਰ ਅਤੇ ਕੌਂਸਲਰ ਲਿੰਡਾ ਐਨਸ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸਤੀਸ਼ ਕੁਮਾਰ ਅਤੇ ਵਿਨੇ ਸ਼ਰਮਾ ਵੱਲੋਂ ਸਾਰੇ ਆਗੂਆਂ ਦਾ ਸਨਮਾਨ ਕੀਤਾ ਗਿਆ। ਮਹਾਂ ਸ਼ਿਵਰਾਤਰੀ ਦੌਰਾਨ ਸ਼ਰਧਾਲੂਆਂ ਦੀ ਵੱਡੀ ਹਾਜ਼ਰੀ ਨੇ ਦਰਸਾਇਆ ਕਿ ਪਰਦੇਸ ਵਿੱਚ ਵੀ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨੂੰ ਪੂਰੀ ਸ਼ਰਧਾ ਨਾਲ ਨਿਭਾਇਆ ਜਾ ਰਿਹਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਯਾਸ਼ੀਨ ਵਾਹਲਾ,ਰਾਜ ਅਲੀ,ਉੱਘੇ ਸੈਫ ਬਲਰਾਮ ਬੱਲੀ ਅਤੇ ਕਾਨੂੰਨੀ ਸਲਾਹਕਾਰ ਰੈਲਿਸ਼ਨੂਰ ਰੰਧਾਵਾ ਵੀ ਹਾਜ਼ਰ ਸਨ ।



ਸ਼ਿਵਰਾਤਰੀ ਦੇ ਮੌਕੇ ਤੇ ਸਰੀ ਦੇ ਲਕਸ਼ਮੀ ਨਰਾਇਣ ਮੰਦਰ ਚ ਨਤਮਸਤਕ ਹੋਣ ਪੁੱਜੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ

# ਪ੍ਰੀਖਿਆ ਦੇ ਸਿਲੇਬਸ ਦਾ ਵਿਸ਼ਲੇਸ਼ਣ ਅਤੇ ਤਿਆਰੀ ਦੀ ਰਣਨੀਤੀ

ਪ੍ਰੀਖਿਆ ਜੀਵਨ ਦਾ ਜ਼ਰੂਰੀ ਅੰਗ ਹੈ। ਜੋ ਪ੍ਰੀਖਿਆਵਾਂ ਵਿੱਚੋਂ ਨਹੀਂ ਲੰਘਿਆ ਉਸਦੀ ਜ਼ਿੰਦਗੀ ਹੀ ਬੇ-ਰਸ ਹੈ।ਪ੍ਰੀਖਿਆ ਇੱਕ ਅਜਿਹੀ ਭੱਠੀ ਹੈ ਜਿਸ ਵਿੱਚ ਤਪ ਕੇ ਖ਼ਰਾ ਸੋਨਾ ਤਾਂ ਕੁੰਦਨ ਬਣ ਜਾਂਦਾ ਹੈ ਪਰ ਖੋਟਾ ਸੋਨਾ ਆਪਣੀ ਹੋਂਦ ਗੁਆ ਬੈਠਦਾ ਹੈ।ਅੱਜ ਕੱਲ੍ਹ ਕਿਸੇ ਵੀ ਖੇਤਰ ਵਿੱਚ ਨਾਮਣਾ ਖੱਟਣ ਲਈ ਵਿੱਦਿਅਕ ਪ੍ਰਾਪਤੀਆਂ ਜ਼ਰੂਰੀ ਹੋ ਗਈਆਂ ਹਨ।ਹਰ ਵਿਦਿਆਰਥੀ ਪੜ੍ਹਾਈ ਪੂਰੀ ਕਰਕੇ ਚੰਗੀ ਨੌਕਰੀ ਲੈਣਾ ਚਾਹੁੰਦਾ ਹੈ ।ਪ੍ਰਤੀਯੋਗਤਾ ਦੇ ਦੌਰ ਵਿੱਚ ਨੌਕਰੀ ਨੰਬਰਾਂ ਦੀ ਗੇਮ ਬਣ ਗਈ ਹੈ।ਜਿਸ ਦੇ ਕੋਲ ਜਿਆਦਾ ਨੰਬਰ, ਉਸ ਕੋਲ ਨੋਕਰੀ।ਕਈ ਵਾਰ ਹੁਸ਼ਿਆਰ ਵਿਦਿਆਰਥੀ ਵੀ ਘੱਟ ਨੰਬਰ ਆਉਣ ਕਾਰਣ ਫਾਡੀ ਰਹਿ ਜਾਂਦੇ ਹਨ।ਪ੍ਰੀਖਿਆ ਹਰੇਕ ਬੰਦੇ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਨਰਸਰੀ ਕਲਾਸ ਵਿੱਚ ਦਾਖ਼ਲਾ ਲੈਂਦੇ ਸਮੇਂ ਹੀ ਸਾਡਾ ਸਾਹਮਣਾ ਪ੍ਰੀਖਿਆ ਨਾਲ ਹੋ ਜਾਂਦਾ ਹੈ, ਜੋ ਕਿ ਕਾਲਜ ਅਤੇ ਯੂਨੀਵਰਸਿਟੀ ਦੇ ਬਾਅਦ ਵੀ ਚੱਲਦਾ ਰਹਿੰਦਾ ਹੈ। ਪ੍ਰੀਖਿਆਵਾਂ ਦਾ ਸਾਹਮਣਾ ਕਰੇ ਬਿਨ੍ਹਾ ਜ਼ਿੰਦਗੀ ਵਿਚ ਸਫ਼ਲ ਨਹੀਂ ਹੋਇਆ ਜਾ ਸਕਦਾ। ਚੰਗੇ ਅੰਕ ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀ ਬੁਲੰਦੀਆਂ ਛੂਹਣ ਵਿਚ ਸਫ਼ਲ ਹੋ ਜਾਂਦੇ ਹਨ। ਪ੍ਰਤੀਯੋਗਤਾ ਦੇ ਯੁੱਗ ਵਿਚ ਆਪਣੀ ਹੋਂਦ ਬਣਾਉਣ ਲਈ ਚੰਗੇ ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋ ਗਏ ਹਨ। ਇਸ ਲਈ ਹਰੇਕ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਇਕਚਿੱਤ ਹੋ ਕੇ ਪ੍ਰੀਖਿਆ 'ਚੋਂ ਚੰਗੇ ਨੰਬਰ ਪ੍ਰਾਪਤ ਕਰੇ। ਇਸ ਲਈ ਸਭ ਤੋਂ ਪਹਿਲਾਂ ਪੜ੍ਹਾਈ ਕਰਨ ਦਾ ਮੰਤਵ ਸਪੱਸ਼ਟ ਹੋਣਾ ਚਾਹੀਦਾ ਹੈ। ਜਿਹੜੇ ਵਿਦਿਆਰਥੀ ਇਹ ਨਹੀਂ ਜਾਣਦੇ ਕਿ ਉਹ ਕਿਉਂ ਪੜ੍ਹ ਰਹੇ ਹਨ, ਉਨ੍ਹਾਂ ਦੀ ਹਾਲਤ ਉਸ ਟੀਮ ਵਾਂਗ ਹੈ ਜਿਹੜੀ ਗੋਲ ਬੌਕਸ ਤੋਂ ਬਿਨ੍ਹਾਂ ਫੁਟਬਾਲ ਖੇਡ ਰਹੀ ਹੋਵੇ। ਜਦੋਂ ਤੁਸੀ ਕੋਈ ਮਕਸਦ ਬਣਾ ਲੈਂਦੇ ਹੋ ਤਾਂ ਤੁਹ-ਾਡਾ ਦਿਮਾਗ਼ ਹਰ ਪਲ ਉਸਦੇ ਬਾਰੇ ਸੋਚਦਾ ਰਹਿੰਦਾ ਹੈ, ਤਾਂ ਤੁਸੀਂ ਜ਼ਰੂਰ ਸਫ਼ਲ ਹੋ ਜਾਵੋ-ਗੇ।ਇਸ ਲਈ ਅੱਜ ਹੀ ਆਪਣਾ ਮਕਸਦ ਇੱਕ ਕਾਗ਼ਜ਼ ਤੇ ਲਿਖ ਕੇ ਆਪਣੇ ਸਟੱਡੀ ਟੇਬਲ ਤੇ ਰੱਖ ਲਵੋ।

ਵੱਧ ਤੋਂ ਵੱਧ ਮੁਕਾਬਲਿਆਂ ਅਤੇ ਮਾਤਾ-ਪਿਤਾ ਦੀਆਂ ਆਸਾਂ ਦੇ ਵੱਧਦੇ ਬੋਝ ਵਿਚਾਲੇ ਅੱਜ-ਕੱਲ੍ਹ ਨੌਜਵਾਨਾਂ ਦੇ ਮਨ ਵਿੱਚ ਇਮਤਿਹਾਨਾਂ 'ਚ ਨਕਲ ਮਾਰਨ ਦੀ ਰੁੱਚੀ ਪ੍ਰਬਲ ਹੋ ਰਹੀ ਹੈ, ਜੋ ਕਿ ਇੱਕ ਮਾੜਾ ਰੁਝਾਨ ਹੈ। ਚੰਗੇ ਅੰਕ ਪ੍ਰਾਪਤ ਕਰਨ ਲਈ ਕੁੱਝ ਸੁਝਾਅ ਹਨ ਜੋ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਣਗੇ।

* ਆਪਣੀਆਂ ਪਾਠ ਪੁਸਤਕਾਂ ਨੂੰ ਚੰਗੀ ਤਰ੍ਹਾਂ ਧਿਆਨ ਨਾਲ ਪੜ੍ਹੋ। ਕਲਾਸ ਵਿੱਚ ਹੋਣ ਵਾਲੇ ਟੈਸਟਾਂ ਨੂੰ ਵੀ ਗੰਭੀਰਤਾ ਨਾਲ ਲਵੋ।ਇਸ ਨਾਲ ਤੁਸੀਂ ਪ੍ਰੀਖਿਆ ਦੇ ਸੀਮਿਤ ਸਮੇਂ ਵਿਚ ਵੀ ਬੇਹਤਰ ਪ੍ਰਦਰਸ਼ਨ ਕਰਨ 'ਚ ਨਿਪੁੰਨ ਹੋ ਸਕੋਗੇ ਤੇ ਪ੍ਰੀਖਿਆ ਦੇਣ ਵੇਲੇ ਤੁਸੀ ਤਣਾਉ ਵੀ ਘੱਟ ਮਹਿਸੂਸ ਕਰੋਗੇ।

* ਖਾਸ ਤੱਥਾਂ ਅਤੇ ਪ੍ਰਸ਼ਨ ਉੱਤਰ ਨੂੰ ਯਾਦ ਰੱਖਣ ਲਈ ਚਿੱਤਰਾਂ ਜਾਂ ਗ੍ਰਾਫਿਕਸ ਦਾ ਸਹਾਰਾ ਲਵੋ।

* ਇਮਤਿਹਾਨ ਤੋਂ ਪਹਿਲਾਂ ਤਿਆਰੀ ਤੇ ਕਿਸੇ ਤਰ੍ਹਾਂ ਦੇ ਸ਼ੰਕੇ ਨੂੰ ਦੂਰ ਕਰਨ ਲਈ ਲੋੜੀਦਾਂ ਸਮਾਂ ਆਪਣੇ ਕੋਲ ਰੱਖੋ।

* ਵਧੀਆ ਜਿਹੀ ਸਮਾਂ ਸਾਰਣੀ ਬਣਾਉ।ਸਮਾਂ ਸਾਰਣੀ ਵਿਦਿਆਰਥੀ ਨੂੰ ਅਨੁਸ਼ਾਸਨ ਵਿਚ ਰੱਖਦੀ ਹੈ।ਤੁਸੀਂ ਹਰੇਕ ਵਿਸ਼ੇ ਨੂੰ ਟਾਈਮ ਦੇ ਸਕਦੇ ਹੋ।ਜਿਹੜੇ ਵਿਸ਼ੇ ਤੁਹਾਨੂੰ ਔਖੇ ਲੱਗਦੇ ਹਨ ਉਨ੍ਹਾਂ ਨੂੰ ਜ਼ਿਆਦਾ ਸਮਾਂ ਦਿਉ।ਸੌਖੇ ਵਿਸ਼ਿਆਂ ਨੂੰ ਘੱਟ ਸਮਾਂ ਦਿਉ।ਇਸ ਵਿੱਚ ਪੜ੍ਹਾਈ ਦੇ ਦੌਰਾਨ ਆਰਾਮ ਦੇ ਮਿੰਟ ਵੀ ਸ਼ਾਮਿਲ ਕਰੋ ਤੇ ਕੁਝ ਸਮਾਂ ਮਨੋਰੰਜਨ ਲਈ ਵੀ ਰਾਖਵਾਂ ਰੱਖੋ।

* ਸਿੱਧੇ ਬੈਠਕੇ ਪੜੋ। ਪੜ੍ਹਦੇ ਸਮੇਂ ਚੁਸਤ-ਦਰੁੱਸਤ ਰਹਿਣਾ ਬਹੁਤ ਜ਼ਰੂਰੀ ਹੈ।ਇਸ ਲਈ ਪੜ੍ਹਦੇ ਸਮੇਂ ਕੁਰਸੀ ਅਤੇ ਮੇਜ਼ ਦੀ ਵਰਤੋਂ ਕਰੋ।ਪੜ੍ਹਨ ਦੇ ਗ਼ਲਤ ਤਰੀਕਿਆਂ ਵਿਚ ਮੰਜੇ ਜਾਂ ਬੈੱਡ ਤੇ ਬੈਠ ਕੇ, ਬਿਸਤਰ ਵਿਚ ਬੈਠ ਕੇ ਜਾਂ ਕੁਰਸੀ ਤੇ ਟੇਢੇ-ਮੇਢੇ ਬੈਠ ਕੇ ਪੜ੍ਹਾਈ ਕਰਨਾ ਸ਼ਾਮਿਲ ਹੈ।ਪੜ੍ਹਨ ਸਮੇਂ ਆਪਣੀ ਰੀੜ੍ਹ ਦੀ ਹੱਡੀ ਨੂੰ ਸਿੱਧਾ ਰੱਖਣਾ ਅਤੇ ਲੱਤਾਂ ਨੂੰ ਸਮਾਨ ਅੰਤਰ ਫਰਸ਼ 'ਤੇ ਰੱਖਣ ਦੀ ਲੋੜ ਹੁੰਦੀ ਹੈ।

* ਪੜਦੇ ਸਮੇਂ ਲਿਖਤੀ ਨੋਟਿਸ ਬਣਾਉ। ਸੰਸਾਰ ਪ੍ਰਸਿੱਧ ਲਾਲਾ ਹਰਦਿਆਲ ਦਾ ਵਿਚਾਰ ਹੈ ਕਿ, "ਜੇਕਰ ਤੁਸੀਂ ਪੜਦੇ ਸਮੇਂ ਲ਼ਿਖਤੀ ਨੋਟਿਸ ਨਹੀ ਬਣਾਉਂਦੇ ਤਾਂ ਤੁਹਾਡਾ ਹਾਲ ਉਸ ਢਲਵੀਂ ਛੱਤ ਵਰਗਾ ਹੈ ਜਿਸ ਤੇ ਬਾਰਿਸ਼ ਪਈ ਨਾ ਪਈ ਇਕ ਸਮਾਨ ਹੁੰਦੀ ਹੈ"। ਪੜ੍ਹਦੇ ਸਮੇਂ ਲਿਖਤੀ ਨੋਟਿਸ ਤਿਆਰ ਕਰਨੇ ਇਸ ਲਈ ਅਹਿਮ ਹੁੰਦੇ ਹਨ ਕਿ ਪੜ੍ਹਨ ਉਪਰੰਤ ਇਨ੍ਹਾਂ ਨੂੰ ਵੇਖ ਕੇ ਸਮੁੱਚਾ ਵਿਸਥਾਰ ਸਾਡੇ ਸਾਹ-ਮਣੇ ਆ ਜਾਂਦਾ ਹੈ।ਇਹ ਨੋਟਿਸ ਦੁਹਰਾਅ ਸਮੇਂ ਵੀ ਸਹਾਈ ਹੁੰਦੇ ਹਨ।ਅਜਿਹਾ ਕਰਨ ਨਾਲ ਸਿੱਖਿਆ, ਸੰਬੰਧਿਤ ਵਿਦਿਆਰਥੀ ਦੀ ਸਮਝ ਦਾ ਹਿੱਸਾ ਬਣਦੀ ਹੈ।ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਦਿਮਾਗ਼ ਅਤੇ ਹੱਥ ਦਾ ਗੂੜਾ ਸੰਬੰਧ ਹੈ। ਅਜਿਹਾ ਕਰਨਾ ਇਕਾਗਰਤਾ ਲਈ ਵੀ ਸਹਾਈ ਹੁੰਦਾ ਹੈ।



* ਪੌਸ਼ਟਿਕ ਭੋਜਨ ਖਾਉ ।ਵਕੌਮੀ ਪੋਸ਼ਣ ਸੰਸਥਾ ਹੈਦਰਾਬਾਦ, ਨੇ ਇੱਕ ਪੌਸ਼ਟਿਕ ਪਦਾਰਥ ਬਣਾਇਆ ਹੈ, ਜਿਸ ਨੂੰ ਤੁਸੀਂ ਘਰ ਵੀ ਤਿਆਰ ਕਰ ਸਕਦੇ ਹੋ।ਇਸ ਲਈ 40 ਗ੍ਰਾਮ ਭੁੰਨੀ ਹੋਈ ਕਣਕ, 10 ਗ੍ਰਾਮ ਭੁੰਨੀ ਹੋਈ ਮੂੰਗਫਲੀ, 15 ਗ੍ਰਾਮ ਭੁੰਨੇ ਹੋਏ ਛੋਲੇ ਲੈ ਕੇ 20 ਗ੍ਰਾਮ ਗੁੜ ਦੀ ਚਾਸਣੀ ਵਿੱਚ ਮਿਲਾ ਕੇ ਪਿੰਨੀਆਂ ਬਣਾ ਲਵੋ।ਹਰ ਰੋਜ ਇਹ ਪਿੰਨੀਆਂ ਖਾਣ ਨਾਲ ਸਰੀਰ ਨੂੰ ਲੋਹਾ, ਪ੍ਰੋਟੀਨ ਤੋਂ ਇਲਾਵਾ ਕੈਲੋਰੀਜ਼ ਦੀ ਲੋੜੀਂਦੀ ਮਾਤਰਾ ਮਿਲ ਜਾਂਦੀ ਹੈ ਤੇ ਸਰੀਰ ਤੰਦਰੁਸਤ ਰਹਿੰਦਾ ਹੈ। ਇਹ ਵੀ ਜ਼ਰੂਰੀ ਹੈ ਕਿ ਪ੍ਰੀਖਿਆਵਾਂ ਦੇ ਦਿਨਾਂ ਵਿਚ ਖਾਸ ਕਰਕੇ ਪ੍ਰੀਖਿਆ ਵਾਲੇ ਦਿਨ ਭੋਜਨ ਆਮ ਵਾਂਗ ਖਾਧਾ ਜਾਵੇ।ਪੜ੍ਹਦੇ ਸਮੇਂ ਲੋੜ ਪੈਣ ਤੇ ਪਾਣੀ ਪੀਓ।ਅਜਿਹਾ ਕਰਨ ਨਾਲ ਮਨੁੱਖੀ ਦਿਮਾਗ਼ ਦੇ ਸੈੱਲ ਹਮੇਸ਼ਾ ਤਰੋਤਾਜ਼ਾ ਰਹਿੰਦੇ ਹਨ।

* ਪੂਰੀ ਨੀਂਦ ਲਵੋ।ਆਪਣੀ ਨੀਂਦ ਨੂੰ ਕਦੀ ਵੀ ਛੇ ਘੰਟੇ ਤੋਂ ਘੱਟਣ ਨਾ ਦਿਓ।ਇਥੋਂ ਤੱਕ ਕਿ ਪ੍ਰੀਖਿਆ ਤੋਂ ਪਹਿਲੀ ਰਾਤ ਦਾ ਉਨੀਂਦਰਾਪਣ ਹਮੇਸ਼ਾ ਪ੍ਰੀਖਿਆ ਨੂੰ ਪ੍ਰਭਾਵਿਤ ਕਰਦਾ ਹੈ।

* ਪੜ੍ਹਨ ਲਈ ਚੰਗਾ ਵਾਤਾਵਾਰਣ ਸਿਰਜੋ।ਪੜ੍ਹਨ ਸਮੇਂ ਤੁਹਾਡਾ ਆਲਾ-ਦੁਆਲਾ ਸਾਫ਼-ਸੁਥਰਾ ਅਤੇ ਸ਼ਾਂਤਮਈ ਹੋਣਾ ਚਾਹੀਦਾ ਹੈ, ਕਿਉਂਕਿ ਆਲੇ-ਦੁਆਲੇ ਦੇ ਸ਼ੋਰ ਵਿਚ ਪੜ੍ਹਿਆ ਨਹੀਂ ਜਾ ਸਕਦਾ ਤੇ ਨਾ ਹੀ ਕੋਈ ਵਿਦਿਆਰਥੀ ਟੈਲੀਵਿਜ਼ਨ ਮੂਹਰੇ ਬੈਠ ਕੇ ਜਾਂ ਗੀਤ-ਸੰਗੀਤ ਸੁਣਦਿਆਂ ਪੜ੍ਹ ਸਕਦਾ ਹੈ। ਪੜ੍ਹਾਈ ਦੇ ਲਈ ਇਕਾਗਰਤਾ ਜ਼ਰੂਰੀ ਹੈ ਅਤੇ ਇਕਾਗਰਤਾ ਦੇ ਲਈ ਇਕੱਲਤ।, ਤੁਹਾਡੇ ਆਲੇ-ਦੁਆਲੇ ਪੁਸਤਕਾਂ, ਕਾਪੀਆਂ, ਪੈੱਨ, ਪੈਨਸਲਾਂ ਟਿਕਾਣੇ 'ਤੇ ਪਈਆਂ ਹੋਣੀਆਂ ਚਾਹੀਦੀਆਂ ਹਨ।ਇਹ ਹਮੇਸ਼ਾ ਬੇਹਤਰ ਰਹਿੰਦਾ ਹੈ ਕਿ ਸ਼ਾਂਤ ਵਾਤਾਵਰਨ ਵਿਚ ਸਵੇਰੇ ਉੱਠ ਕੇ ਪੜ੍ਹਿਆ ਜਾਵੇ।

* ਸਟੱਡੀ ਟੇਬਲ 'ਤੇ ਇੱਕ ਡਿਕਸ਼ਨਰੀ, ਐਟਲਸ, ਮੁਹਾਵਰੇ ਅਤੇ ਕਹਾਵਤਾਂ ਵਾਲੀ ਕਿਤਾਬ ਜ਼ਰੂਰ ਰੱਖੋ।

* ਵੱਡੇ ਪ੍ਰਸ਼ਨਾਂ ਨੂੰ ਯਾਦ ਕਰਨ ਲਈ ਹੈਡਿੰਗਾਂ ਦੇ ਪਹਿਲੇ ਅੱਖਰਾਂ ਦਾ ਇੱਕ ਸ਼ਬਦ ਬਣਾ ਕੇ ਅਸਾਨ ਤਰੀਕੇ ਨਾਲ ਯਾਦ ਕੀਤੇ ਜਾ ਸਕਦੇ ਹਨ।ਜਿਵੇਂ ਬਹਅਜਸਅਬ ਨੂੰ ਯਾਦ ਰੱਖ ਕੇ ਤੁਸੀਂ ਮੁਗ਼ਲ ਸ਼ਾਸ਼ਕਾਂ ਦੇ ਨਾਂ ਯਾਦ ਰੱਖ ਸਕਦੇ ਹੋ।(ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਂ, ਔਰੰਗਜੇਬ ਅਤੇ ਬਹਾਦਰ ਸ਼ਾਹ ਜ਼ਫਰ)।ਇਸੇ ਤਰਾਂ ਸਾਰੇ ਜ਼ਿਲ੍ਹਿਆਂ ਦਾ ਨਾਂ ਯਾਦ ਰੱਖਣ ਲਈ ਜ਼ਿਲ੍ਹਿਆਂ ਦੇ ਪਹਿਲੇ ਅੱਖਰ ਜੋੜ ਕੇ ਇੱਕ ਸ਼ਬਦ ਜਾਂ ਇਕ ਲਾਈਨ ਬਣਾ ਕੇ ਅਸਾਨੀ ਨਾਲ ਯਾਦ ਕੀਤਾ ਜਾ ਸਕਦਾ ਹੈ।

* ਬਹੁਤ ਲੰਮਾ ਸਮਾਂ ਨਾ ਪੜ੍ਹੋ।ਕਿਸੇ ਵੀ ਵਿਸ਼ੇ ਨੂੰ ਪੜ੍ਹਨ ਦੀ ਸਮਰੱਥਾ 40 ਤੋਂ 45 ਮਿੰਟ ਤੱਕ ਰਹਿੰਦੀ ਹੈ, ਇਸ ਕਰਕੇ ਹੀ ਕਾਲਜ 'ਚ ਪੀਰੀਅਡ ਦਾ ਸਮਾਂ 45 ਮਿੰਟ ਦਾ ਹੁੰਦਾ ਹੈ। ਲੰਮੇ ਸਮੇਂ ਤੱਕ ਪੜ੍ਹਨ ਨਾਲ ਦਿਮਾਗ਼ ਦੇ ਰਸਾਇਣਾਂ ਵਿੱਚ ਕਮੀ ਆ ਜਾਂਦੀ ਹੈ।ਅੱਖਾਂ ਅਤੇ ਮਾਸ਼ਪੇਸ਼ੀਆਂ ਥਕਾਵਟ ਮਹਿਸੂਸ ਕਰਦੀਆਂ ਹਨ।ਇਸ ਲਈ ਪੜ੍ਹਨ ਦੇ ਦੌਰਾਨ ਹਰੇਕ ਘੰਟੇ ਬਾਅਦ 10 ਮਿੰਟ ਦੇ ਆਰਾਮ ਦੇ ਬਾਵਜੂਦ ਵੀ ਚਾਰ ਘੰਟੇ ਤੋਂ ਵੱਧ ਨਹੀਂ ਪੜ੍ਹਨਾ ਚਾਹੀਦਾ।

* ਆਪਣੇ ਆਪ ਤੇ ਭਰੋਸਾ ਰੱਖੋ।ਪ੍ਰੀਖਿਆ ਦੇਣ ਤੋਂ ਪਹਿਲਾਂ ਤੁਹਾਡੇ ਕੋਲ ਕੀਤੀ ਮਿਹਨਤ ਦਾ ਮਾਣ ਹੋਣਾ ਚਾਹੀਦਾ ਹੈ।ਇਸ ਮਾਣ ਦੇ ਸਿਰ 'ਤੇ ਪ੍ਰੀਖਿਆ ਤੋਂ ਕੁੱਝ ਮਿੰਟ ਪਹਿਲਾਂ ਅੰਤਰ ਧਿਆਨ ਹੋਵੋ ਅਤੇ ਆਪਣੇ ਆਪ ਦੀ ਇਹ ਕਹਿ ਕੇ ਅਗਵਾਈ ਕਰੋ ਕਿ ਮੈਂ ਮਿਹਨਤ ਕੀਤੀ ਹੈ, ਮੈਨੂੰ ਸਭ ਕੁੱਝ ਆਉਂਦਾ ਹੈ, ਮੇਰੀ ਪ੍ਰੀਖਿਆ ਬੇਹਤਰ ਹੋਵੇਗੀ।ਪ੍ਰੀਖਿਆ ਭਵਨ ਵਿਚ ਸ਼ਾਇਦ ਇਹ ਸ਼ਬਦ ਤੁਹਾਨੂੰ ਊਰਜਾ ਅਤੇ ਇਕਾਗਰਤਾ ਦੇਣਗੇ। ਤੁਹਾਡਾ ਦਿਮਾਗ਼ ਤੁਹ-ਾਡੇ ਪ੍ਰਸ਼ਨਾਂ ਦੇ ਉੱਤਰ ਸੁਝਾਏਗਾ। ਨਤੀਜਾ ਵਧੀਆ ਆਵੇਗਾ।ਅਗਲੇ ਪੇਪਰ ਦੀ ਤਿਆਰੀ ਕਰਨ ਲਈ ਇਹ ਵੀ ਬੇਹਤਰ ਰਹਿੰਦਾ ਹੈ ਕਿ ਕੀਤੇ ਪੇਪਰ ਸੰਬੰਧੀ ਕਿਸੇ ਨਾਲ ਕੋਈ ਚਰਚਾ ਨਾ ਕੀਤੀ ਜਾਵੇ ਅਤੇ ਜਲਦੀ ਘਰ ਪਹੁੰਚਿਆ ਜਾਵੇ।

* ਅਣ-ਉਚਿਤ ਢੰਗ ਨਾ ਵਰਤੋ। ਪ੍ਰੀਖਿਆ ਦਿੰਦੇ ਸਮੇਂ ਪ੍ਰੀਖਿਆ ਮਰਿਆਦਾ 'ਤੇ ਪਹਿਰਾ ਦੇਣਾ ਬਹੁਤ ਜ਼ਰੂਰੀ ਹੈ। ਪ੍ਰੀਖਿਆ ਭਵਨ ਵਿਚ ਨਾ ਸ਼ੋਰ ਕਰਨਾ ਚਾਹੀਦਾ ਹੈ ਅਤੇ ਨਾ ਹੀ ਨਕਲ ਮਾਰਨੀ ਚਾਹੀਦੀ ਹੈ ਅਤੇ ਨਾ ਹੀ ਕਿਸੇ ਕਿਸਮ ਦੀ ਸਹਾਇਤਾ ਦਾ ਲੈਣ-ਦੇਣ ਕਰਨਾ ਚਾਹੀਦਾ ਹੈ, ਅਜਿਹਾ ਕਰਦੇ ਸਮੇਂ ਤੁਹਾਨੂੰ ਹਰ ਸਮੇਂ ਅਪਮਾਨਿਤ ਹੋਣ ਦਾ ਡਰ ਬਣਿਆ ਰਹਿੰਦਾ ਹੈ।ਯਾਦ ਰੱਖੋ ਕਿ ਇਹ ਪ੍ਰੀਖਿਆ ਤੁਸੀਂ ਸਿਰਫ਼ ਆਪਣੇ ਵਾਸਤੇ ਦੇ ਰਹੇ ਹੋ, ਜਿਸ ਵਿਚ ਤੁਸੀਂ ਆਪਣੀ ਸਮਝਦਾਰੀ ਨੂੰ ਸਿੱਧ ਕਰਨਾ ਹੁੰਦਾ ਹੈ।ਹਰ ਪ੍ਰੀਖਿਆ ਮਹੱਤਵਪੂਰਨ ਹੁੰਦੀ ਹੈ। ਇਸ ਲਈ ਪ੍ਰੀਖਿਆ ਭਵਨ ਵਿਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ।ਇਕ ਚੰਗੇ ਪ੍ਰੀਖਿਆ ਭਵਨ ਵਿਚ ਹੀ ਪ੍ਰੀਖਿਆਰਥੀਆਂ ਦੇ ਚੰਗੇ ਨੰਬਰ ਆਉਣੇ ਯਕੀਨੀ ਹੁੰਦੇ ਹਨ।

* ਲਿਖਾਈ ਅਤੇ ਪੇਸ਼ਕਾਰੀ ਚੰਗੇ ਨੰਬਰ ਲੈਣ ਵਿੱਚ ਬਹੁਤ ਸਹਾਈ ਹੁੰਦੇ ਹਨ।ਚੰਗੇ ਨੰਬਰ ਲੈਣ ਲਈ ਲਿਖਾਈ ਅਤੇ ਪੇਸ਼ਕਾਰੀ ਦਾ ਵਧੀਆ ਪ੍ਰਭਾਵ ਪੈਂਦਾ ਹੈ। ਪੇਪਰ ਦੇਣ ਸਮੇਂ ਤੁਹਾਡੀ ਪੇਸ਼ਕਾਰੀ ਇਹ ਪ੍ਰਭਾਸ਼ਿਤ ਕਰਦੀ ਹੈ ਕਿ ਤੁਸੀਂ ਸੰਬੰਧਿਤ ਵਿਸ਼ੇ ਦੀ ਕਿਸ ਤਰ੍ਹਾਂ ਤਿਆਰੀ ਕੀਤੀ ਹੈ। ਮੁਲਾਂਕਣ ਕਰਨ ਵਾਲੇ ਵਿਸ਼ਾ ਮਾਹਿਰ 'ਤੇ ਵੀ ਤੁਹਾਡੀ ਪੇਸ਼ਕਾਰੀ ਦਾ ਅਸਰ ਪੈਂਦਾ ਹੈ। ਪ੍ਰੀਖਿਆ ਵਿਚ ਜਵਾਬ ਲਿਖਣ ਸਮੇਂ ਛੋਟੇ-ਛੋਟੇ ਸਿਰਲੇਖ ਅਤੇ ਸਾਰ ਲਿਖਣੇ ਚਾਹੀਦੇ ਹਨ। ਖ਼ੂਬਸੂਰਤ ਲਿਖਾਈ ਦਾ ਆਪਣਾ ਪ੍ਰਭਾਵ ਹੁੰਦਾ ਹੈ। ਆਉਂਦੇ ਪ੍ਰਸ਼ਨਾਂ ਨੂੰ ਸਭ ਤੋਂ ਪਹਿਲਾਂ ਹੱਲ ਕਰਨਾ ਚਾਹੀਦਾ ਹੈ।ਤੁਹਾਡੇ ਕੋਲ ਪੇਪਰ ਹੱਲ ਕਰਨ ਦਾ ਪੂਰਾ ਅਭਿਆਸ ਹੋਣਾ ਚਾਹੀਦਾ ਹੈ, ਤਾਂ ਕਿ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਤੁਸੀਂ ਆਪਣਾ ਪੇਪਰ ਹੱਲ ਕਰ ਸਕੋ।

* ਸਰੀਰਿਕ ਅਤੇ ਮਾਨਸਿਕ ਸਿਹਤ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਹਰ ਵਿਦਿਆਰਥੀ ਆਪਣੇ ਆਪ ਨੂੰ ਗਿਆਨ ਹਾਸਲ ਕਰਨ ਦੇ ਮੈਦਾਨ ਵਿਚ ਯੋਧਾ ਸਮਝੇ ਅਤੇ ਇਸ ਅਹਿਸਾਸ ਨੂੰ ਆਪਣੇ ਨਾਲ ਰੱਖੇ ਕਿ ਜਿੱਤਣ ਲਈ ਹਰ ਯੋਧੇ ਨੂੰ ਸਰੀਰਿਕ ਅਤੇ ਮਾਨਸਿਕ ਤੰਦਰੁਸਤੀ ਲਾਜ਼ਮੀ ਹੈ।ਤੁਹਾਨੂੰ ਸਮੇਂ ਸਿਰ ਅਤੇ ਲੋੜ ਅਨੁਸਾਰ ਭੋਜਨ ਖਾਣਾ ਚਾਹੀਦਾ ਹੈ ਅਤੇ ਮਾਨਸਿਕ ਸਿਹਤ ਲਈ ਨਿਰਧਾਰਿਤ ਪਾਠ ਪੁਸਤਕਾਂ ਤੋਂ ਇਲਾਵਾ ਹੋਰ ਸਾਿ-ਹਤਿਕ ਪੁਸਤਕਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ।ਲਾਇਬਰੇਰੀ ਨਾਲ ਜੁੜਨਾ ਚਾਹੀਦਾ ਹੈ।ਤੁਹ-ਾਡੇ ਕੋਲ ਚੰਗੀਆ ਪੁਸਤਕਾਂ ਦਾ ਸੰਗ੍ਰਹਿ ਹੋਣਾ ਚਾਹੀਦਾ ਹੈ।ਤੁਹਾਨੂੰ ਚੰਗੇ ਲੋਕਾਂ ਦੀ ਸੰਗਤ ਕਰਨੀ ਚਾਹੀਦੀ ਹੈ, ਟੀ.ਵੀ. ਚੈਨਲਾਂ ਦੇ ਗਿਆਨ ਵਧਾਉਣ ਵਾਲੇ ਪ੍ਰੋਗਰਾਮ ਵੇਖਣੇ ਚਾਹੀਦੇ ਹਨ।ਰੋਜ਼ਾਨਾ ਦੀਆਂ ਕੌਮੀ ਅਤੇ ਕੌਮਾਂਤਰੀ ਘਟਨਾਂਵਾ ਦਾ ਬਾ-ਵਾਸਤਾ ਰੱਖਣਾ ਚਾਹੀਦਾ ਹੈ।ਅਖਬਾਰਾਂ ਵਿੱਚ ਛਪਦੇ ਲੇਖ ਪੜ੍ਹਨੇ ਚਾਹੀਦੇ ਹਨ।ਕੁੱਲ ਮਿਲਾ ਕੇ ਆਪਣੀ ਦ੍ਰਿਸ਼ਟੀ ਨੂੰ ਵਿਕ-ਸਿਤ ਕਰਨ ਦਾ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।ਆਪਣੇ-ਆਪ ਪ੍ਰਤੀ ਤੁਹਾਡੀ ਇਹ ਪਹੁੰਚ ਹਰ ਪ੍ਰੀਖਿਆ ਨੂੰ ਅਸਾਨ ਬਣਾ ਦੇਵੇਗੀ।ਉਪਰੋਕਤ ਗੱਲਾਂ ਦਾ ਧਿਆਨ ਰੱਖ ਕੇ ਔਸਤ ਵਿਦਿਆਰਥੀ ਵੀ ਚੰਗੇ ਨੰਬਰ ਲੈ ਸਕਦਾ ਹੈ।



**ਪ੍ਰੋਫ਼ੈਸਰ ਮਨਜੀਤ ਤਿਆਗੀ**
'ਸਟੇਟ ਐਵਾਰਡੀ'
ਸੰਸਥਾਪਕ ਤੇ ਮੁੱਖ ਬੁਲ-ਾਰਾ: ਮਿਸ਼ਨ "ਜ਼ਿੰਦਗੀ ਖ਼ੂਬਸੂਰਤ ਹੈ"
ਮਾਲੇਰਕੋਟਲਾ / ਅੰਮ੍ਰਿਤਸਰ (ਪੰਜਾਬ)
9814096108

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com